


# ਜਲ-ਤਰੰਗ

ਕ੍ਰਿਸ਼ਨ ਭਨੋਟ

# ਜਲ-ਤਰੰਗ

(ਗ਼ਜ਼ਲ ਸੰਗ੍ਰਹਿ)

ਕ੍ਰਿਸ਼ਨ ਭਨੋਟ

ASIA VISIONS

*JAL-TARANG (Ghazal's)*

*by. Krishan Bhanot*

V. & P.O. BHAINI SAHIB-141126.
PHONE: 0161-833110

GALLOWAY CITGO
212-E WHITE, HORSE PIKE
GALLOWAY TOWNSHIP NEW JARSI
PIN-08201 U.S.A.
PHONE- 609-748-7922

©ਲੇਖਕ

ਜਲ ਤਰੰਗ (ਗ਼ਜ਼ਲਾਂ)
ਕ੍ਰਿਸ਼ਨ ਭਨੋਟ
ਪਿੰਡ ਤੇ ਡਾਕ: ਭੈਣੀ ਸਾਹਿਬ-141126

ਪਹਿਲੀ ਵਾਰ- 1996
ਦੂਜੀ ਵਾਰ- 2001

ਮੁੱਲ: ਦੇਸ਼- 100/-
ਪ੍ਰਦੇਸ਼: 10$

ਛਾਪਕ:
**Asia Visions**
2920 Gurdev Nagar.
Ludhiana, Punjab. India 141001
Tel: 91-161-426246
Email: janmeja@emall.com



ਸੁਖਜੀਤ, ਹਰਬੰਸ, ਮਾਛੀਵਾੜਾ
ਦੇ ਨਾਂ

# ਮੈਂ ਰਿਣੀ ਹਾਂ।

ਸ੍ਰੀ ਮਹਿੰਦਰ ਰਾਮਪੁਰੀ ਜੀ ਦਾ ਜਿਨ੍ਹਾਂ ਨੇ ਮੈਨੂੰ ਗ਼ਜ਼ਲ ਤਕਨੀਕ ਦੀ ਮੁੱਢਲੀ ਜਾਣਕਾਰੀ ਦਿੱਤੀ।

ਸ਼੍ਰੀ ਸੁਰਜੀਤ ਖੁਰਸ਼ੀਦੀ ਜੀ ਦਾ ਜਿਨ੍ਹਾਂ ਨੇ ਮੇਰੀ ਸੋਚ ਨੂੰ ਹੀ ਨਹੀਂ ਨਿਖਾਰਿਆ ਸਗੋਂ ਜ਼ੁਬਾਨਦਾਨੀ, ਸ਼ਿਅਰ ਦੇ ਗੁਣਾਂ ਤੇ ਹੋਰ ਬਾਰੀਕੀਆਂ ਸੰਬੰਧੀ ਲਗਾਤਾਰ ਰਾਹਨੁਮਾਈ ਕੀਤੀ।



## ਲੇਖਕ ਦੀਆਂ ਹੋਰ ਪੁਸਤਕਾਂ:-

ਮਹਿਕ ਦੇ ਹਸਤਾਖਰ (ਗ਼ਜ਼ਲ-ਸੰਗ੍ਰਹਿ 1988)

ਤਲਖ਼ ਪਲ (ਗ਼ਜ਼ਲ-ਸੰਗ੍ਰਹਿ)

## ਮੈਂ ਧੰਨਵਾਦੀ ਹਾਂ–

ਪੰਜਾਬੀ ਲਿਖਾਰੀ ਸਭਾ ਰਾਮਪੁਰ, ਕਲਾ ਸੰਗਮ ਨੀਲੋਂ ਪੁਲ, ਸਾਹਿਤ ਸਭਾ ਮਾਛੀਵਾੜਾ, ਸਾਹਿਤ ਸਭਾ ਸਮਰਾਲਾ, ਪੰਜਾਬੀ ਗ਼ਜ਼ਲ ਮੰਚ ਪੰਜਾਬ, ਦਾ ਜਿਨ੍ਹਾਂ 'ਚ ਮੇਰੀ ਸ਼ਾਇਰੀ ਨਿੱਖਰੀ ਤੇ ਪ੍ਰਵਾਨ ਚੜ੍ਹੀ ਹੈ। ਸ੍ਰੀ ਅਜਾਇਬ ਚਿਤ੍ਰਕਾਰ, ਇੰਦਰਜੀਤ ਹਸਨਪੁਰੀ, ਮਹਿੰਦਰਦੀਪ ਗਰੇਵਾਲ, ਮਹਿੰਦਰ ਸਿੰਘ ਚੀਮਾ, ਕਰਮਜੀਤ ਔਜਲਾ, ਅਜੀਤ ਸਿੰਘ ਸਿੱਕਾ ਆਦਿ ਸ਼ਖ਼ਸ਼ੀਅਤਾਂ ਦਾ, ਜਿਨ੍ਹਾਂ ਨੇ ਲਿਖਣ ਲਈ ਹਮੇਸ਼ਾਂ ਮੈਨੂੰ ਉਤਸ਼ਾਹਿਤ ਕੀਤਾ ਹੈ ਅਤੇ ਸ਼੍ਰੀ ਜਨਮੇਜਾ ਜੌਹਲ ਦਾ, ਜਿਨ੍ਹਾਂ ਨੇ ਨਿੱਜੀ ਰੁਚੀ ਲੈ ਕੇ ਇਸ ਪੁਸਤਕ ਨੂੰ ਛਾਪਿਆ।


# ਲੇਖਕਾਂ ਤੇ ਪਾਠਕਾਂ ਦੀ ਨਜ਼ਰ ਵਿਚ

ਕ੍ਰਿਸ਼ਨ ਭਨੋਟ ਅਗਾਂਹ ਵਧੂ ਤੇ ਸਾਰਥਕ ਵਿਚਾਰਾਂ ਵਾਲਾ ਕਵੀ ਹੈ। ਉਸਦੀ ਸੋਚ ਨਿੱਖਰੀ ਹੋਣ ਕਰਕੇ ਅਗਾਂਹਵਧੂ ਸ਼ਕਤੀਆਂ ਦਾ ਸਮਰਥਕ ਹੈ ਅਤੇ ਵਿਚਾਰਾਂ ਦੇ ਧੁੰਧਲੇਪਨ ਤੋਂ ਮੁਕਤ ਹੈ। ਥੋੜ੍ਹੇ ਸਮੇਂ ਵਿਚ ਹੀ ਉਹ ਉਹਨਾਂ ਗਿਣਤੀ ਦੇ ਗ਼ਜ਼ਲ ਲੇਖਕਾਂ ਦੀ ਕਤਾਰ ਵਿਚ ਸ਼ਾਮਲ ਹੋ ਗਿਆ ਹੈ ਜੋ ਗ਼ਜ਼ਲ ਦੀ ਆਤਮਾ ਇਸਦੇ ਵਿਧੀ ਵਿਧਾਨ ਅਤੇ ਸ਼ਿਅਰੀ ਖ਼ੂਬੀਆਂ ਨੂੰ ਚੰਗੀ ਤਰ੍ਹਾਂ ਪਛਾਣਦੇ ਹਨ।

–ਡਾ. ਰਣਧੀਰ ਸਿੰਘ ਚੰਦ

ਕ੍ਰਿਸ਼ਨ ਭਨੋਟ ਦੀ ਹਰੇਕ ਗ਼ਜ਼ਲ ਵਿਚ ਕਾਫ਼ੀ ਸੁੰਦਰ ਸ਼ਿਅਰ ਹੁੰਦੇ ਹਨ, ਫਿਰ ਵੀ ਮੈਂ ਉਸਨੂੰ ਖ਼ੂਬਸੂਰਤ ਮਤਲੇ ਕਹਿਣ ਵਾਲਾ ਗ਼ਜ਼ਲਗੋ ਆਖਦਾ ਹਾਂ।

–ਸੁਰਜੀਤ ਰਾਮਪੁਰੀ

ਪਹਿਲੀ ਗੱਲ ਤਾਂ ਪੰਜਾਬੀ ਗ਼ਜ਼ਲਗੋਆਂ 'ਚ ਮਕਤਾ ਕਹਿਣ ਦਾ ਰਿਵਾਜ਼ ਹੀ ਨਹੀਂ ਜੇ ਕੋਈ ਸ਼ਾਇਰ ਮਕਤਾ ਕਹਿੰਦਾ ਹੈ ਤਾਂ ਕੇਵਲ ਖਾਨਾ ਪੂਰਤੀ ਲਈ ਹੁੰਦਾ ਹੈ, ਪਰ ਕ੍ਰਿਸ਼ਨ ਭਨੋਟ ਖ਼ੂਬਸੂਰਤ ਮਕਤੇ ਕਹਿਣ ਵਾਲਾ ਸ਼ਾਇਰ ਹੈ।

–ਸੁਰਜੀਤ ਖੁਰਸ਼ੀਦੀ

ਕ੍ਰਿਸ਼ਨ ਭਨੋਟ (ਪੰਜਾਬੀ ਲਿਖਾਰੀ ਸਭਾ ਰਾਮਪੁਰ) ਦੀ ਗ਼ਜ਼ਲ ਦਾ ਮਿਸਤਰੀ ਹੈ।

–ਸੁਰਿੰਦਰ ਰਾਮਪੁਰੀ

"ਤੇਰੀਆਂ ਕਈ ਗ਼ਜ਼ਲਾਂ ਨੂੰ ਪੜ੍ਹਦਾ ਹਾਂ ਤਾਂ ਮਿਰਜ਼ਾ ਗ਼ਾਲਿਬ ਦੇ ਸ਼ਿਅਰਾਂ ਜਿਹਾ ਅਹਿਸਾਸ ਹੁੰਦਾ ਹੈ। ਤੇਰੀ ਆਤਮਾ 'ਚ ਕਿਤੇ ਅਵੱਸ਼ ਹੀ ਗ਼ਾਲਿਬ ਛੁਪਿਆ ਹੋਇਆ ਹੈ।"

–ਆਤਿਸ਼ ਪਾਇਲਵੀ

"ਬੰਦਿਆ ਵੇਖਣ ਨੂੰ ਤਾਂ ਤੂੰ ਲੇਨਿਨ ਦੀ ਸ਼ਕਲ ਦਾ ਜਾਪਦੈਂ ਪਰ ਤੇਰੀਆਂ ਸ਼ਰਾਰਤਾਂ ਤੇਰੇ ਗ਼ਜ਼ਲ-ਬੰਦਾਂ ਚੋਂ ਗੋਰੀ ਦੇ ਪਿੰਡੇ ਤੇ ਪਈ ਮਲਮਲ ਦੀ ਝੱਗੀ ਵਿੱਚੋਂ ਝਰਦੇ ਹੁਸਨ ਵਾਂਗ ਲਗਦੀਆਂ ਹਨ।"

"ਤੇਰੀ ਭਲੀ ਮਾਣਸ਼ ਸ਼ਕਲ ਵਿੱਚੋਂ ਦੂਰ ਦਰਿਸ਼ਟਤਾ ਰੱਖਦੀਆਂ ਅੱਖੀਆਂ ਦੀ ਗੱਲ ਕੌਣ ਕਰੇ? ਮੈਂ ਗ਼ਜ਼ਲਾਂ ਚਾਹ ਦੇ ਘੁੱਟਾਂ ਵਾਂਗ ਪੀਤੀਆਂ ਨੇ, ਖ਼ੁਸ਼ੀ ਇਸ ਗੱਲ ਦੀ ਹੋਈ ਏ, ਇਹ ਪੰਜਾਬੀ ਧਮੀਰ 'ਚੋਂ ਉਪਜੀਆਂ ਨੇ ਖਾਸ ਤੌਰ

'ਤੇ ਪੰਜਾਬੀ ਸ਼ਬਦਾਵਲੀ ਓੜਕੇ।''

''ਮੈਨੂੰ ਟੁੰਬਿਆ ਹੈ ਤੇਰੀਆਂ ਗ਼ਜ਼ਲਾਂ ਦੀ ਤੇਰੇ ਵਰਗੀ ਸਾਦਗੀ ਨੇ''

—ਪ੍ਰੀਤਮ ਸਿੰਘ ਕਵੀ (ਨਵੀਂ ਦਿੱਲੀ)

ਕ੍ਰਿਸ਼ਨ ਭਨੋਟ ਜਿੰਨਾ ਚੰਗਾ ਮਨੁੱਖ ਹੈ, ਉਸ ਤੋਂ ਵਧੀਆ ਗ਼ਜ਼ਲਗੋ। ਉਹ ਜਿਵੇਂ ਹਰ ਗੱਲ ਮੇਚ ਮੇਚ ਕੇ ਕਰਦਾ ਹੈ, ਓਵੇਂ ਉਸਦਾ ਹਰ ਸ਼ਿਅਰ ਹੌਲੀ ਹੌਲੀ ਸਰੂਰ ਦਿੰਦਾ ਹੈ, ਰੂੜੀ ਮਾਰਕਾ ਉਬਾਲ ਮਾਰਕੇ ਉਬਾਸੀਆਂ ਨਹੀਂ ਲਾ ਦਿੰਦਾ। ਹੁਣ ਕਈ ਫੱਟੇ ਮਾਰਕਾ ਅਗਾਂਹਵਧੂ ਉਸਨੂੰ ਇਹ ਕਹਿਕੇ ਛੁਟਿਆਉਣ ਦੀ ਕੋਸ਼ਿਸ਼ ਕਰਨਗੇ ਕਿ ਭਨੋਟ ਤਾਂ ਇਨਕਲਾਬ ਦੀ ਗੱਲ ਕਰਦਾ ਹੀ ਨਹੀਂ, ਉਹ ਜੋ ਕਰਦੇ ਨੇ, ਤੇ ਕਰਦੇ ਨੇ ਧੂਤੂ ਬਣਕੇ। ਕੁਝ ਕੁ ਬਣਾਉਣ ਤੋਂ ਬਾਅਦ ਉਹਨਾਂ ਦੇ ਹੱਥ ਦੀ ਸਫਾਈ ਖਤਮ ਹੋ ਜਾਂਦੀ ਹੈ। ਬਣਾਉਣ ਮੈਂ ਇਸ ਲਈ ਲਿਖਿਆ ਤੇ ਹੱਥ ਦੀ ਸਫਾਈ ਵੀ, ਕਿਉਂਕਿ ''ਅਖੌਤੀ ਅਗਾਂਹਵਧੂ' ਰਚਦੇ ਨਹੀਂ ਬਣਾਉਂਦੇ ਹਨ....। ਪਰ ਜਿਹਨਾਂ ਵਿਚ ਦਮ ਖ਼ਮ ਹੁੰਦਾ ਹੈ ਉਹ ਆਪਣੀ ਨਿਰੰਤਰ ਅਨੰਤ ਤੋਰ ਤੁਰਦੇ ਰਹਿੰਦੇ ਹਨ। ਉਹਨਾਂ ਦੀ ਰਚਨ ਸ਼ਕਤੀ ਹੋਰ ਨਿਖਰਦੀ ਹੈ, ਉਭਰਦੀ ਹੈ, ਵਿਗਸਦੀ ਹੈ, ਸਾਥੀ ਭਨੋਟ ਵਾਂਗ।—ਗੁਰਮੀਤ ਹੰਮਰ (ਤਲਵਾੜਾ)

ਸਭ ਤੋਂ ਵੱਧ ਪ੍ਰਭਾਵਿਤ ਤੁਸੀਂ ਕੀਤੇ ਮੈਨੂੰ, ਭਾਵੇਂ ਸ਼ਾਇਰੀ ਮੇਰਾ ਖੇਤਰ ਨਹੀਂ, ਪਰ ਚੰਗੀ ਸ਼ਾਇਰੀ ਦਾ ਕਦਰਦਾਨ ਹਾਂ।

—ਟੋਨੀ ਬਾਤਿਸ਼, ਬਠਿੰਡਾ।

ਉਸ ਕੋਲ ਤਿੱਖੇ ਜਜ਼ਬੇ ਹਨ। ਦਰਦ ਹੈ, ਚੰਚਲਤਾ ਹੈ, ਤੇ ਨਾਲ ਨਾਲ ਸਾਦਗੀ ਵੀ। ਇਸ ਦੌਰ ਵਿਚ ਛਪ ਰਹੀਆਂ ਤੇ ਛਪੀਆ ਪੁਸਤਕਾਂ ਨਾਲੋਂ ਭਨੋਟ ਸਾਹਿਬ ਦੀ ਪੁਸਤਕ ਕਿਤੇ ਬਿਹਤਰ ਹੈ।-ਸਿਕੰਦਰ ਭੱਟੀ (ਫ਼ਰੀਦਕੋਟ)

''ਮੈਨੂੰ ਤੁਹਾਡੀਆਂ ਗ਼ਜ਼ਲਾਂ ਨਾਲ ਅਥਾਹ ਪ੍ਰੇਮ ਹੈ। ਤੁਹਾਡੀ ਹਰ ਰਚਨਾ ਦਿਲ ਨੂੰ ਖਿੱਚ ਜਹੀ ਪਾਉਂਦੀ ਹੈ...'' —ਦਲਜਿੰਦਰ ਸਾਗਰ (ਲੁਧਿਆਣਾ)

''ਤੁਸੀਂ ਮੇਰੇ ਮਨ ਭਾਉਂਦੇ ਸ਼ਾਇਰ ਹੋ, ਮੇਰੀ ਨਜ਼ਰ ਵਿਚ ਅਜੇ ਤਕ ਕੋਈ ਵੀ ਕ੍ਰਿਸ਼ਨ ਭਨੋਟ ਵਰਗਾ ਗ਼ਜ਼ਲ ਲੇਖਕ ਨਹੀਂ ਆਇਆ।.....''

—ਲਵਲੀਨ ਸਿੰਘ

''......'ਮਹਿਕ ਦੇ ਹਸਤਾਖਰ' ਪੜ੍ਹੀ ਹੈ, ਸਚ ਮੁਚ ਇਸਦਾ ਜਵਾਬ ਨਹੀਂ ਪਰ ਥੋੜਾ ਦੁੱਖ ਵੀ ਹੋਇਆ ਕਿ ਪ੍ਰਤਿਭਾ ਨੂੰ ਗੌਲਿਆ ਨਹੀਂ ਜਾਂਦਾ। ਤੇਰੀ ਤਰ੍ਹਾਂ ਦਾ ਕੋਈ ਦੂਸਰਾ ਗ਼ਜ਼ਲਗੋ ਨਹੀਂ। '' —ਸਵਾਮੀ ਕਲਾਕਾਰ (ਬਟਾਲਾ)



00

ਨ ਕਿਸੇ ਖ਼ੁਸ਼ੀ ਦੀ ਹੈ ਜੁਸਤਜੂ ਨ ਕਰਾਰ ਹੀ ਦੀ ਤਲਾਸ਼ ਹੈ,
ਜੁ ਕਿ ਮਨ ਦਾ 'ਨ੍ਹੇਰ ਮਿਟਾ ਸਕੇ, ਮੈਨੂੰ ਰੌਸ਼ਨੀ ਦੀ ਤਲਾਸ਼ ਹੈ।

ਬੜੀ ਦੇਰ ਤੋਂ ਜੁ ਰੁਕੇ ਪਏ, ਮਿਰੇ ਦੀਦਿਆਂ 'ਚ ਹੀ ਅੱਥਰੂ,
ਮਿਰੀ ਤਾਂਘ ਹੈ ਕਿ ਇਹ ਵਹਿ ਤੁਰਨ, ਜ਼ਰਾ ਦਿਲਬਰੀ ਦੀ ਤਲਾਸ਼ ਹੈ।

ਇਹ ਜੁ ਰਿਸ਼ਤਿਆਂ ਦਾ ਹੈ ਸਿਲਸਿਲਾ, ਹੈ ਹਿਤਾਂ ਦੀ ਖੇਡ ਮੈਂ ਜਾਣਦਾਂ,
ਜੁ ਹਿਤੋਂ ਬੁਲੰਦ ਹੈ, ਕੌਣ ਹੈ, ਐਸੇ ਆਦਮੀ ਦੀ ਤਲਾਸ਼ ਹੈ।

ਓ ਕਲੀ ਜਿਵੇਂ ਕਿ ਸੁਭਾ ਤਿਰਾ ਹੈ ਸਦਾ ਹੀ ਮਹਿਕ ਲੁਟਾਣ ਦਾ,
ਤਿਵੇਂ ਭੌਰ ਨੂੰ ਵੀ ਹਮੇਸ਼ ਹੀ ਤਾਂ ਨਵੀਂ ਕਲੀ ਦੀ ਤਲਾਸ਼ ਹੈ।

ਜੁ ਪਵੇ ਨ ਮਾਂਦ ਕਿਸੇ ਘੜੀ, ਜੁ ਕਿ ਤੋੜ ਤੀਕ ਹੀ ਨਿਭ ਸਕੇ,
ਐਸੀ ਦੋਸਤੀ ਦੀ ਤਲਾਸ਼ ਹੈ, ਐਸੀ ਦੁਸ਼ਮਣੀ ਦੀ ਤਲਾਸ਼ ਹੈ।

ਇਹ ਜੁ ਸ਼ੋਖ਼ੀਆਂ, ਇਹ ਜੁ ਚੁਸਤੀਆਂ, ਨ ਮਿਰੇ ਸੁਭਾ 'ਚ ਸੀ ਦੋਸਤੋ,
ਮੈਂ ਜ਼ਮਾਨੇ ਨੂੰ ਜੁ ਲੁਟਾ ਬਿਹਾਂ ਮੈਨੂੰ ਸਾਦਗੀ ਦੀ ਤਲਾਸ਼ ਹੈ।

ਮਿਰਾ ਮਨ ਬਹੁਤ ਹੀ ਉਦਾਸ ਹੈ, ਜੇ ਨਜ਼ਰ ਕਰੋਂ ਇਹ ਟਹਿਕ ਪਵੇ,
ਮੈਂ ਉਦਾਸ ਹਾਂ ਮੇਰੇ ਕਿਸ਼ਨ ਜੀ, ਤੇਰੀ ਮੁਸਕਣੀ ਦੀ ਤਲਾਸ਼ ਹੈ।

00

ਮਿਰੇ ਵਾਂਗੂ ਨਹੀਂ ਹਨ ਸੁਸਤ ਰਉ, ਉਹ ਤੇਜ਼ ਚਲਦੇ ਨੇ,
ਕਿ ਲੋਕੀ ਬਸਤਰਾਂ ਵਾਂਗੂੰ ਵਫਾਦਾਰੀ ਬਦਲਦੇ ਨੇ।

ਉਨ੍ਹਾਂ ਦੀ ਸ਼ਕਲ ਵੀ ਚੰਗੀ ਤਰ੍ਹਾਂ ਦੇਖਣ ਨਹੀਂ ਦਿੰਦੇ,
ਜਦੋਂ ਮਿਲਦੇ ਉਦੋਂ ਕੰਬਖਤ ਇਉਂ ਹੰਝੂ ਨਿਕਲਦੇ ਨੇ।

ਨ ਤਲਖ਼ੀ ਜ਼ਿੰਦਗੀ ਦੀ ਓਸ ਪਲ ਮਹਿਸੂਸ ਹੁੰਦੀ ਹੈ,
ਓਹੀ ਪਲ ਆਪਣਾ ਹੁੰਦੈ, ਜਦੋਂ ਜਜ਼ਬੇ ਪਿਘਲਦੇ ਨੇ।

ਪਵੇ ਜਦ ਵੀ ਲਹੂ ਠੰਡਾ, ਲੁੜੀਂਦੀ ਊਰਜਾ ਬਖਸ਼ਣ,
ਮਿਰੇ ਸੀਨੇ 'ਚ ਹਰ ਪਲ ਇਉਂ ਕਿਸੇ ਦੇ ਬੋਲ ਬਲਦੇ ਨੇ।

ਕਿਸੇ ਦੂਜੇ ਬਦਲ ਦੇ ਰੂਪ ਵਿਚ ਮੈਨੂੰ ਨ ਅਪਣਾਵੇ,
ਮਿਰੇ ਸਭ ਚਿਹਨ ਚੱਕਰ ਕਦ ਕਿਸੇ ਦੇ ਨਾਲ ਰਲਦੇ ਨੇ।

ਨ ਜਿਸਦੇ ਦਰਦ ਪੱਲੇ ਓਸਨੇ ਤਾਂ ਕੀ ਗ਼ਜ਼ਲ ਕਹਿਣੀ,
ਪਿਘਲ ਕੇ ਦਰਦ ਹੀ ਦਿਲ ਦਾ, ਗ਼ਜ਼ਲ ਦੇ ਨਕਸ਼ ਢਲਦੇ ਨੇ।

ਸਮਝਕੇ ਸੋਚਕੇ ਤੂੰ ਕਿਸ਼ਨ ਪਾਲੀਂ ਸ਼ੌਂਕ ਲਿਖਣੇ ਦਾ,
ਅਜੇਹੇ ਸ਼ੌਕ ਤਾਂ ਦਿਲ ਦੇ ਲਹੂ ਦੇ ਨਾਲ ਪਲਦੇ ਨੇ।



00

ਕੁਝ ਕੁ ਪਲ ਵਾਸਤੇ, ਕੁਝ ਘੜੀ ਵਾਸਤੇ,
ਇਹ ਖ਼ੁਸ਼ੀ ਨਾ ਮਿਲੀ ਜ਼ਿੰਦਗੀ ਵਾਸਤੇ।

ਤਰਸ ਖਾਹ, ਤੋੜ ਕਲੀਆਂ ਨ ਫੁੱਲ ਚੁੰਣਿਆਂ,
ਦੋ ਘੜੀ ਦੀ ਕਿਸੇ ਦੀ ਖ਼ੁਸ਼ੀ ਵਾਸਤੇ।

ਬੇ ਕਰਾਰੀ ਮਿਰੀ ਖਤਮ ਹੋਣੀ ਨਹੀਂ,
ਸ਼ੁਕਰੀਆ ਹੈ ਤਿਰਾ ਦਿਲਬਰੀ ਵਾਸਤੇ।

ਨਰਮ ਦਿਲ ਓਸਦਾ ਪਰ ਸੁਭਾਅ ਸਖਤ ਹੈ,
ਖ਼ੇਲ ਵੀ ਤਾਂ ਜ਼ਰੂਰੀ ਗਰੀ ਵਾਸਤੇ।

ਆਦਮੀ ਨੂੰ ਬਣਾਉਂਦਾ ਹੈ ਇਨਸਾਨ ਇਹ,
ਗ਼ਮ ਜ਼ਰੂਰੀ ਬਹੁਤ ਆਦਮੀ ਵਾਸਤੇ।

ਤਾਂ ਕਿ ਹਰ ਵਕਤ ਹੀ ਮੈਂ ਚੁਕੰਨਾ ਰਹਾਂ,
ਹਨ ਵਿਰੋਧੀ ਮਿਰੀ ਬਿਹਤਰੀ ਵਾਸਤੇ।

ਦਿਲ ਲਗੀ ਦੇ ਲਈ ਨਾ ਸਮਝ ਬੈਠਣਾ,
ਕਿਸ਼ਨ ਕਹਿੰਦੈ ਗ਼ਜ਼ਲ ਜ਼ਿੰਦਗੀ ਵਾਸਤੇ।

00

ਜਿੱਧਰ ਵੀ ਮੈਨੂੰ ਤੱਕਿਆ, ਦਿਸੀਆਂ ਦੀਵਾਰਾਂ,
ਮੇਰੇ ਚਾਰ ਚੁਫੇਰੇ ਉੱਚੀਆਂ ਦੀਵਾਰਾਂ।

ਦੁਨੀਆਂ ਦੇ ਨਕਸ਼ੇ ਤੇ ਪਾਇਐ ਜਾਲ਼ ਕਿਵੇਂ,
ਹੱਦਾਂ, ਬੰਨੇ, ਲੀਕਾਂ, ਖਾਈਆਂ, ਦੀਵਾਰਾਂ।

ਮਾਸਾ ਖਾਕੇ ਉਸਨੂੰ ਦਿਸਦੈ ਸੁਰਗ ਜਿਵੇਂ,
ਘੁੱਟ ਕੁ ਲਾਕੇ ਜਾਪਣ ਪਰੀਆਂ ਦੀਵਾਰਾਂ।

ਬਰਬਾਦੀ ਦੀ ਗ਼ਾਥਾ ਮੂੰਹੋਂ ਖ਼ੁਦ ਬੋਲਣ,
ਬੋਹ ਦੇ ਬੱਲੇ ਹਨ ਜੋ ਦਬੀਆਂ ਦੀਵਾਰਾਂ।

ਕਿਸ਼ਨ ਕਿਤੇ ਜਿਉਂ ਇੱਕ ਧਮਾਕਾ ਹੋਇਆ ਹੈ,
ਮੇਰੇ ਘਰ ਦੀਆਂ ਕੰਬਣ ਲੱਗੀਆਂ ਦੀਵਾਰਾਂ।



00

ਲੂਹ ਰਿਹਾ ਹਰ ਸੁਆਸ ਹੁੰਦਾ ਹੈ,
ਦਿਲ ਮਿਰਾ ਜਦ ਉਦਾਸ ਹੁੰਦਾ ਹੈ।

ਕੋਲ ਹੋਵੇ ਕਿ ਦੂਰ, ਜੀ ਸਦਕੇ,
ਉਹ ਮਿਰੇ ਆਸ ਪਾਸ ਹੁੰਦਾ ਹੈ।

ਮਨ ਮਿਰਾ ਜਦ ਪਿਘਲ ਪਿਘਲ ਜਾਵੇ,
ਦੋਸਤੋ ਵਕ਼ਤ ਖ਼ਾਸ ਹੁੰਦਾ ਹੈ।

ਗੱਲ ਉਸਦੀ ਕਰੋ ਮਿਰੇ ਸਾਹਵੇਂ,
ਕੁਝ ਕੁ ਦਿਲ ਨੂੰ ਨਿਘ਼ਾਸ ਹੁੰਦਾ ਹੈ।

ਵਗਣ ਦੇਵੋ ਤੁਸੀਂ ਮਿਰੇ ਹੰਝੂ,
ਇੰਝ ਗ਼ਮ ਦਾ ਨਿਕਾਸ ਹੁੰਦਾ ਹੈ।

ਦਰਦ ਦਾ ਹੋਰ ਥਾਂ ਨਹੀਂ ਕੋਈ,
ਦਿਲ 'ਚ ਇਸਦਾ ਨਿਵਾਸ ਹੁੰਦਾ ਹੈ।

ਇਹ ਨਾ ਸੋਚੋ ਕਿ ਖ਼ੁਦ ਲਈ ਸੋਚੇ,
ਵਿਹਲ ਕਦ ਕਿਸ਼ਨ ਪਾਸ ਹੁੰਦਾ ਹੈ।

00

ਰਹੇ ਨ ਜ਼ਬਤ ਹੀ ਇਸਤੋਂ ਕਿ ਬਸ ਪਿਘਲ ਜਾਂਦੈ,
ਖ਼ੁਸ਼ੀ 'ਚ, ਗ਼ਮ 'ਚ, ਮੁਹੱਬਤ 'ਚ, ਮਨ ਉਛਲ ਜਾਂਦੈ।

ਮਿਲੇ ਓ ਦੇਰ ਦੇ ਮਗਰੋਂ, ਖ਼ੁਸ਼ੀ 'ਚ ਬਹਿਕ ਗਿਐ,
ਕਿ ਇੰਤਜ਼ਾਰ ਕਰੋ ਦਿਲ ਮਿਰਾ ਸੰਭਲ ਜਾਂਦੈ।

ਅਨੇਕ ਰੰਗ ਦੇ ਉਤਰਾ ਚੜ੍ਹਾ ਨੇ ਜੀਵਨ ਵਿਚ,
ਗ਼ਮਾਂ ਦਾ ਦੌਰ ਵੀ ਆਉਂਦੈ ਜਿਵੇਂ ਨਿਕਲ ਜਾਂਦੈ।

ਇਹ ਖ਼ੁਦ ਲਈ ਵੀ ਤਾਂ ਛਿੱਟ ਰੋਸ਼ਨੀ ਸੰਭਾਲੇ ਨਾ,
ਕਮਾਲ ਦੀਪ ਦੇ ਹੋਰਾਂ ਲਈ ਜੁ ਬਲ ਜਾਂਦੈ।

ਨ ਰੋਸ ਫ਼ੁਰਨ ਉਦੋਂ ਜਦ ਉਹ ਸਾਹਮਣੇ ਆਉਂਦਾ,
ਕਿ ਦਿਲ ਹੈ ਯਾਰ, ਇਹ ਦਿਲ ਹੀ ਤਾਂ ਹੈ, ਪਿਘਲ ਜਾਂਦੈ।

ਬਦਲ ਗਏ ਜੇ ਤੁਸੀਂ ਵੀ, ਕੁਈ ਅਚੰਭਾ ਨਈਂ,
ਪਵੇ ਜੇ ਵਕਤ ਕਿਸੇ ਤੇ ਤਾਂ ਜੱਗ ਬਦਲ ਜਾਂਦੈ।

ਜ਼ਰਾ ਕੁ ਬਾਤ ਮਨਾਂ ਵਿਚ ਤਰੇੜ ਪਾ ਜਾਵੇ,
ਹਥੀ ਨਥੀ ਜੇ ਜਰੀ ਜਾਏ, ਵਕਤ ਟਲ ਜਾਂਦੈ।

ਮੁਸੀਬਤਾਂ ਨੇ ਬਣਾਇਆ ਹੈ ਕਿਸ਼ਨ ਕੋਮਲ ਦਿਲ,
ਰਹੇ ਨ ਸਖ਼ਤ, ਜੁ ਪਕਦਾ ਹੈ ਫਲ, ਉਹ ਢਲ ਜਾਂਦੈ।



00

ਤੂੰ ਗਿਲਾ ਕਰਦੈਂ ਕਿ ਪੁਛਦਾ ਹੀ ਖ਼ਬਰ ਕੋਈ ਨਹੀਂ,
ਇਹ ਮਕਾਨਾਂ ਦਾ ਨਗਰ ਹੈ, ਇਸ 'ਚ ਘਰ ਕੋਈ ਨਹੀਂ।

ਤੂੰ ਨ ਨਿਭਿਆ ਨਾਲ ਤਾਂ ਕੀ, ਮੁਸ਼ਕਲਾਂ ਤਾਂ ਨਿਭਦੀਆਂ,
ਨਾਸਮਝ, ਇਹ ਨਾ ਸਮਝ ਤੂੰ, ਹਮਸਫ਼ਰ ਕੋਈ ਨਹੀਂ।

ਤੂਲਕਾ ਨੱਚਣੀ ਨਹੀਂ ਹੈ, ਕੈਨਵਸ, ਖ਼ਾਲੀ ਰਹੂ,
ਚਿਤਰ ਹੀ ਤੇਰੇ ਤਸੱਵਰ ਵਿਚ ਅਗਰ ਕੋਈ ਨਹੀਂ।

ਕਿਸ ਤਰ੍ਹਾਂ ਤੇਰੀ ਦਰਿਸ਼ਟੀ ਨਾਲ ਦੇਖਾਂ ਜਗਤ ਨੂੰ,
ਤੂੰ ਸਮਝਦਾ ਏਂ ਮਿਰੀ ਅਪਣੀ ਨਜ਼ਰ ਕੋਈ ਨਹੀਂ?

ਝੁਕਣ ਨਾ ਇਹ, ਵਿਕਣ ਨਾ, ਚੁਪ ਰਹਿਣ ਨਾ, ਕਰ ਲੈ ਯਤਨ,
ਜ਼ੁਲਮ ਦਾ ਰੌਸ਼ਨ ਜ਼ਮੀਰਾਂ ਨੂੰ ਤਾਂ ਡਰ ਕੋਈ ਨਹੀਂ।

ਮਨ 'ਚ ਸੂਖਮ ਭਾਵ ਰੱਖੋ, ਜੇ ਸਮਝਦਾਰਾਂ 'ਚ ਹੋ,
ਮਿਲ ਸਕੇਗਾ ਚੈਨ ਦਾ ਪਲ ਉਮਰ ਭਰ ਕੋਈ ਨਹੀਂ।

ਨਾਮ ਤਾਂ ਹੈ ਓਸਦਾ, ਭਾਵੇਂ ਕਿਸੇ ਗਿਣਤੀ 'ਚ ਹੈ,
ਮੈਂ ਸਮਝਦਾ ਕਿਸ਼ਨ ਵਰਗਾ ਬ ਹੁਨਰ ਕੋਈ ਨਹੀਂ।

00

ਮਿਰੀ ਜਾਣੀ ਪਛਾਣੀ ਹੋਰ ਕਿਹੜੀ ਇਸ ਕਦਰ ਖ਼ੁਸ਼ਬੂ,
ਚਲੇ ਹੀ ਆ ਰਹੇ ਨੇ ਉਹ, ਲਿਆਈ ਹੈ ਖ਼ਬਰ ਖ਼ੁਸ਼ਬੂ।

ਨਿਭਾਇਆ ਸਾਥ ਉਹਨਾਂ ਕੁਝ ਕੁ ਚਿਰ ਹੀ, ਖ਼ੈਰ ਉਹ ਜਾਣੇ,
ਨਿਭੀ ਹੈ ਨਾਲ ਪਰ ਉਹਨਾਂ ਪਲਾਂ ਦੀ ਉਮਰ ਭਰ ਖ਼ੁਸ਼ਬੂ।

ਨ ਖ਼ੌਰੇ ਫੁੱਲ ਦੀ ਬੁੱਕਲ 'ਚ ਵੀ ਇਸਨੂੰ ਕਰਾਰ ਆਇਆ,
ਜੁ ਤੁਰ ਚੱਲੀ ਹਵਾ ਦੇ ਨਾਲ ਨਾ ਜਾਣੇ ਕਿਧਰ ਖ਼ੁਸ਼ਬੂ।

ਖਿਲਾਰੇ ਹੋਣਗੇ ਹੁਣ ਕੇਸ ਉਹਨਾਂ ਨੇ ਮਿਰੀ ਜਾਚੇ,
ਚਲੀ ਆਈ ਜੁ ਝੋਂਕੇ ਵਾਂਗ ਏਨੀ ਤੇਜ਼ ਤਰ ਖ਼ੁਸ਼ਬੂ।

ਸੁਣੀ ਦਸਤਕ, ਨ ਇਸਦੇ ਆਉਣ ਦਾ ਅਹਿਸਾਸ ਤਕ ਹੋਇਆ,
ਖ਼ਰੇ ਕਦ ਤੋਂ ਕਰੀਂ ਬੈਠੀ ਹੈ ਮੇਰੇ ਮਨ 'ਚ ਘਰ ਖ਼ੁਸ਼ਬੂ।

ਉਨ੍ਹਾਂ ਨੂੰ ਮੁਸ਼ਕਲਾਂ ਜਾਂ ਫ਼ਾਸਲਾ ਮਹਿਸੂਸ ਕਦ ਹੋਵੇ,
ਸਫ਼ਰ ਮਹਿਕੇ ਨ ਕਿਉਂ ਹੋਵੇ ਜਿਨ੍ਹਾਂ ਦੀ ਹਮਸਫ਼ਰ ਖ਼ੁਸ਼ਬੂ।

ਝਿਜਕ ਨਾ, ਸੰਗ ਨਾ, ਡਰ ਨਾ, ਸਿਮਟ ਨਾ, ਕਸਮਸਾ, ਘਬਰਾ,
ਮੈਂ ਤੇਰਾ ਕਿਸ਼ਨ ਹਾਂ ਤੂੰ ਦੇਖ ਲੈ ਭਰਕੇ ਨਜ਼ਰ ਖ਼ੁਸ਼ਬੂ।



00

ਵਰਤ ਗਿਆ ਜਿਉਂ ਭਾਣਾ ਲਗਦੈ,
ਉਲਝ ਗਿਆ ਇਹ ਤਾਣਾ ਲਗਦੈ।

ਅੱਜ ਕਲ ਨੇਤਾਵਾਂ ਨੂੰ ਦੁੱਭਰ,
ਲੋਕਾਂ ਦੇ ਵਿਚ ਜਾਣਾ ਲਗਦੈ।

ਦਲ ਬਦਲੂ ਮੈਨੂੰ ਤਾਂ ਯਾਰੋ,
ਕਾਂ ਦੇ ਵਾਂਗ ਸਿਆਣਾ ਲਗਦੈ।

ਛਪੜੀ ਦੇ ਕੰਢੇ ਤੇ ਬੈਠਾ,
ਬਗਲਾ ਕਿੰਝ ਨਿਮਾਣਾ ਲਗਦੈ।

ਮੁਲਜ਼ਮ ਸਾਹਵੇਂ ਅੱਖ ਨਾ ਚੁੱਕੇ,
ਮੁਨਸਫ਼ ਵਿੱਚੋਂ ਕਾਣਾ ਲਗਦੈ।

ਕਿਸ਼ਨ ਵਿਚਾਰਾ ਅਪਣੇ ਵਰਗਾ,
ਕੋਈ ਦਰਦ ਰੰਞਾਣਾ ਲਗਦੈ।

00

ਲੋਕ ਇਉਂ ਹੀ ਤਾਂ ਮੁਹੱਬਤ ਦਾ ਸਿਲਾ ਦਿੰਦੇ ਨੇ,
ਲਾਕੇ ਇਲਜ਼ਾਮ ਉਹ, ਰਿਸ਼ਤਾ ਹੀ ਮੁਕਾ ਦਿੰਦੇ ਨੇ।

ਇਹ ਜੁ ਬੀਮਾਰ ਜ਼ਿਹਨ, ਫੋਕੀ ਤਸੱਲੀ ਖ਼ਾਤਿਰ,
ਦੋਸ਼ ਅਪਣੇ 'ਚ ਨੇ, ਹੋਰਾਂ ਨੂੰ ਸਜ਼ਾ ਦਿੰਦੇ ਨੇ।

ਖ਼ੈਰ ਮਿਤਰਾਂ ਦੀ ਵੀ ਬਦਬਖਤ ਨ ਲੋਚਣ, ਸੁਣਿਐ,
ਦੁਸ਼ਮਣਾਂ ਨੂੰ ਵੀ ਭਲੇ ਲੋਕ ਦੁਆ ਦਿੰਦੇ ਨੇ।

ਜਾਣਦੇ ਹੈਨ ਵਿਰੋਧਾਂ ਚੋਂ ਉਭਰਨਾ ਜਿਹੜੇ,
ਜਾਣ ਬੁਝਕੇ ਵੀ ਵਿਰੋਧਾਂ ਨੂੰ ਹਵਾ ਦਿੰਦੇ ਨੇ।

ਦੇਣਾ ਚਾਹੁੰਦੇ ਨੇ ਜੁ ਇਤਿਹਾਸ ਨੂੰ ਗੇੜਾ ਪੁੱਠਾ,
ਉਹ ਭੁਲੇਖੇ 'ਚ ਨੇ ਖ਼ੁਦ ਨੂੰ ਹੀ ਦਗ਼ਾ ਦਿੰਦੇ ਨੇ।

ਹੋਣ ਅਮਲਾਂ 'ਚ ਤਾਂ ਅਕਸਰ ਹੀ ਉਹ ਜ਼ੀਰੋ ਸਾਬਤ,
ਧਰਤ ਆਕਾਸ਼ ਜੁ ਗੱਲਾਂ 'ਚ ਮਿਲਾ ਦਿੰਦੇ ਨੇ।

'ਕਿਸ਼ਨ' ਗੁਸਤਾਖ਼ ਕ਼ਲਾਮੀ ਨਾ ਕਰੇਗਾ ਹਰਗਿਜ਼,
ਉਹ ਉਨ੍ਹਾਂ ਚੋਂ ਨ ਜੁ ਆਦਾਬ ਭੁਲਾ ਦਿੰਦੇ ਨੇ।



00

ਏਸ ਦੇ ਹੱਥੋਂ ਮਿਰੀ, ਗਤ ਹੀ ਬਣਾਈ ਗਈ,
ਦਿਲ ਹੈ ਕਿ ਮੈਨੂੰ ਕਦੇ, ਦੇਵ ਨ ਆਈ ਗਈ।

ਦੱਸ ਕਮਾਇਆ ਹੈ ਕੀ? ਏਸ ਹਿਯਾਤੀ 'ਚ ਮੈਂ,
ਸੂਝ ਜੇ ਭੋਰਾ ਮਿਲੀ, ਚੈਨ ਗੁਆਈ ਗਈ।

ਇਹ ਹੀ ਗ਼ਨੀਮਤ ਸਮਝ, ਯਾਦ ਹੀ ਪੱਲੇ ਰਹੇ,
ਵਰਨਾਂ ਮੁਹੱਬਤ ਕਦੋਂ, ਤੋੜ ਨਿਭਾਈ ਗਈ।

ਹੂਕ ਉਸੇ 'ਚੋਂ ਉਠੇ, ਗੀਤ ਉਸੇ ਚੋਂ ਛਿੜੇ,
ਰੂਹ ਉਹ ਬਣੀ ਬੰਸਰੀ, ਜਿਹੜੀ ਸਤਾਈ ਗਈ।

ਕੀ ਹੈ ਭਰੋਸਾ ਮਨਾ, ਫਿਰ ਇਹ ਕਦੋਂ ਉਠ ਖੜੇ,
ਤੇਰਾ ਭਰਮ ਹੈ ਕਿ ਹੁਣ ਰੀਝ ਦਬਾਈ ਗਈ।

ਅਪਣੇਂ ਹੀ ਪੈਰੀਂ ਖੜ੍ਹਾ, ਹੁਣ ਮੈਂ ਘਣਾ ਬਿਰਖ ਹਾਂ,
ਤੀਲ੍ਹ ਨਹੀਂ ਹਾਂ ਜਿਨੂੰ, ਪੌਣ ਉਡਾਈ ਗਈ।

ਖਿੱਚ ਹੈ ਤਿਰੇ ਰੂਪ ਦੀ, ਸੁਹਜ ਸਲੀਕੇ ਦੀ ਖਿਚ,
ਮੈਥੋਂ ਨਜ਼ਰ ਦੀ ਕਦੇ, ਤੇਹ ਨ ਬੁਝਾਈ ਗਈ।

ਤਾਂ ਕਿ ਜ਼ਮਾਨਾ ਕਿਤੇ ਮੈਨੂੰ ਭੁਲਾ ਨਾ ਦਵੇ,
'ਕਿਸ਼ਨ' ਗ਼ਜ਼ਲ ਮੈਂ ਕਹੀ, ਹੋਂਦ ਜਤਾਈ ਗਈ।

00

ਕਰੇ ਕੌਣ ਇਸਤੋਂ ਹਿਫਾਜ਼ਤ ਉਨ੍ਹਾਂ ਦੀ,
ਬਣੀ ਜਾਨ ਲੇਵਾ ਹਿਮਾਕਤ ਉਨ੍ਹਾਂ ਦੀ।

ਨਵੇਂ ਦਿਨ ਅਸੀਂ ਲੋਕ ਬੁੱਧੂ ਬਣੇ ਹਾਂ,
ਨਵੇਂ ਦਿਨ ਨਵੀਂ ਹੀ ਸਿਆਸਤ ਉਨ੍ਹਾਂ ਦੀ।

ਜਿਨ੍ਹਾਂ ਦੀ ਸੁਣਾਵੇਂ ਸਿਆਣਪ ਅਸਾਨੂੰ,
ਅਸੀਂ ਜਣਦੇ ਹਾਂ ਲਿਆਕਤ ਉਨ੍ਹਾਂ ਦੀ।

ਖ਼ੁਦਾ ਵਾਂਗ ਜਾਣੀ ਲੁਕਾਈ ਜਿਨ੍ਹਾਂ ਨੇ,
ਕਰਾਂ ਮੈਂ ਹਮੇਸ਼ਾਂ ਇਬਾਦਤ ਉਨ੍ਹਾਂ ਦੀ।

ਉਤਾਰੋ, ਉਤਾਰੋ ਉਨ੍ਹਾਂ ਦੇ ਮੁਖੌਟੇ,
ਤੁਸੀਂ ਕਿਸ਼ਨ ਜਾਣੋ ਸ਼ਰਾਰਤ ਉਨ੍ਹਾਂ ਦੀ।



00

ਗ਼ਮਖ਼ੋਰ ਹੈ ਕੀ ਆਖਾਂ, ਮਨ ਚੋਂ ਨ ਇਹ ਡਰ ਜਾਵੇ,
ਉਹ ਦਰਦ ਕਿਤੇ ਮੇਰਾ, ਮਹਿਸੂਸ ਨ ਕਰ ਜਾਵੇ।

ਹਰ ਸ਼ਖ਼ਸ਼ ਦੇ ਜੀਵਨ ਵਿਚ, ਕੁਝ ਪਲ ਹੀ ਤਾਂ ਆਉਂਦੇ ਜੋ,
ਅੱਖੀਆਂ 'ਚ ਰੁਕੇ ਰਹਿੰਦੇ, ਤੇ ਉਮਰ ਗੁਜ਼ਰ ਜਾਵੇ।

ਮੈਨੂੰ ਤਾਂ ਗਵਾਰਾ ਨਈਂ, ਇਹ ਸੋਚ ਠਰੀ ਹੋਈ,
ਆਵੇ ਤੇ ਕੁਈ ਆਕੇ, ਅੰਗਾਰ ਹੀ ਧਰ ਜਾਵੇ।

ਦੁਨੀਆਂ ਤੇ ਨ ਥਿਰ ਕੁਝ ਵੀ, ਕਹਿੰਦੇ ਓ ਤਾਂ ਮੰਨ ਲੈਨਾਂ,
ਪਰ ਦਰਦ ਤੁਸੀਂ ਦੱਸੋ, ਕਿਉਂ ਦਿਲ 'ਚ ਠਹਰ ਜਾਵੇ।

ਹੋਵੇ ਤਾਂ ਕਿਵੇਂ ਹੋਵੇ, ਤਸਵੀਰ ਮੁਕੰਮਲ ਉਹ,
ਚਿਹਰਾ ਉਹ ਤਸੱਵਰ ਵਿਚ, ਨਿੱਤ ਹੋਰ ਨਿਖਰ ਜਾਵੇ।

ਮੈਨੂੰ ਵੀ ਇਹ ਗੁਰ ਦੱਸੋ, ਦਿਲ ਜ਼ਬਤ 'ਚ ਕਿੰਝ ਰੱਖੋਂ।
ਮਿਲਦੇ ਕਿ ਵਿਛੜਦੇ ਹੋ, ਇਹ ਮਨ ਹੈ ਕਿ ਭਰ ਜਾਵੇ।

ਮੰਨਦੇ ਹਾਂ ਕਿਸੇ ਹੀਲੇ, ਦੁਨੀਆਂ ਤੋਂ ਤਾਂ ਬਚ ਸਕਦੈ,
ਪਰ ਖ਼ੁਦ ਤੋਂ ਕੁਈ ਬਚਕੇ, ਜਾਵੇ ਤਾਂ ਕਿਧਰ ਜਾਵੇ।

ਕਦ ਕਿਸ਼ਨ ਭਲਾ ਆਉਂਦੀ, ਸ਼ਿਅਰਾਂ 'ਚ ਇਹ ਗਹਿਰਾਈ,
ਜਦ ਥੀਂ ਕਿ ਕੁਈ ਸੁਪਨਾ, ਅੱਖੀਆਂ 'ਚ ਨ ਮਰ ਜਾਵੇ।

00

ਪਾ ਦੇਵਾਂ ਸ਼ਿਅਰਾਂ ਦੇ ਵਿਚ ਮੈਂ ਸਗਵਾਂ ਅਪਣਾ ਦਿਲ ਦਾ ਦਿਲ,
ਇਕ ਮਿਸਰਾ ਦੂਜੇ ਨੂੰ ਮਿਲਦੈ, ਜਿਉਂ ਦਿਲ ਨੂੰ ਹੈ ਮਿਲਦਾ ਦਿਲ।

ਪਿਆਰੇ ਪਿਆਰੇ ਬੋਲਾਂ ਦੇ ਵਿਚ ਜਾਦੂ ਵਾਂਗ ਅਸਰ ਹੁੰਦਾ ਹੈ,
ਦਿਲ ਵਿਚ ਹੋਵੇ ਦਿਲ ਦਾ ਨਿਘ ਤੇ ਪਿਘਲ ਵੀ ਸਕਦੈ ਸਿਲ ਦਾ ਦਿਲ।

ਤੂੰ ਨਾ ਹੋਵੇਂ ਤਾਂ ਰਹਿੰਦਾ ਹੈ, ਮੁਰਝਾਇਆ ਮੁਰਝਾਇਆ ਹੀ,
ਤੇਰੇ ਮੁਖੜੇ ਦੀ ਧੁਪ ਦੇ ਵਿਚ ਫੁੱਲ ਦੇ ਵਾਂਗੂੰ ਖਿਲਦਾ ਦਿਲ।

ਰੰਗ ਸਭੇ, ਖ਼ੁਸ਼ੀਆਂ ਤੇ ਹਾਸੇ ਥੇਹ ਹੋਈ ਨਗਰੀ ਦੇ ਵਿਚ ਸਨ,
ਮਹਿਕ ਵਿਹੂਣਾ ਹੋਵੇਗਾ ਉਹ, ਮਹਿਕਾਂ ਦੇ ਕਾਤਿਲ ਦਾ ਦਿਲ।

ਧਨ, ਦੌਲਤ, ਸ਼ੁਹਰਤ ਤੇ ਨਾਂ, ਮਿਲ ਜਾਵਣਗੇ ਓ ਸਜਣਾ,
ਜਾਹ ਕਿਧਰੇ ਵੀ ਤੈਨੂੰ ਐਪਰ 'ਕਿਸ਼ਨ' ਜਿਹਾ ਨਾ ਮਿਲਦਾ ਦਿਲ।



00

ਅਜੇ ਕੋਰੈ ਮੁਹੱਬਤ ਦੇ ਅਸਰ ਤੋਂ,
ਮੈਂ ਜਿਸਨੂੰ ਚਾਹ ਰਿਹਾਂ, ਦਿਲ ਤੋਂ, ਜਿਗਰ ਤੋਂ।

ਮਿਰੇ ਖੱਬੇ ਖੜੇਂ ਜੇ ਅੰਕ ਬਣ ਕੇ,
ਤਾਂ ਮੈਂ ਮੁਲਵਾਨ ਹੋ ਜਾਵਾਂ ਸਿਫ਼ਰ ਤੋਂ।

ਤਬੀਅਤ ਮੈਂ ਤੁਹਾਡੀ ਖ਼ੂਬ ਜਾਣਾ,
ਛੁਪਾਵੇਂ ਅੱਥਰੂ, ਮੇਰੀ ਨਜ਼ਰ ਤੋਂ?

ਸਮਝਦਾਂ ਸ਼ਬਦ ਨੂੰ ਹਥਿਆਰ ਮੈਂ ਤਾਂ,
ਹਰਿਕ ਦੇ ਵਸ ਨ ਇਸਦੀ ਯੋਗ ਵਰਤੋਂ।

ਕਦੇ ਲਾਰਾ, ਕਦੇ ਇਨਕਾਰ ਮਿਲਿਐ,
ਕਿ ਮੈਂ ਖ਼ਾਲੀ ਨ ਮੁੜਿਆ ਓਸ ਦਰ ਤੋਂ।

ਮੈਂ ਏਥੇ ਪਹੁਚਿਆਂ ਤੁਰਕੇ ਨਿਰੰਤਰ,
ਮੈਂ ਉਠਿਆ ਹਾਂ ਬਹੁਤ ਨੀਵੇਂ ਸਤਰ ਤੋਂ।

ਗ਼ਜ਼ਲ ਦੀ ਜਾਣਦੈ ਤਕਨੀਕ ਤਾਂ ਕੁਝ,
ਤੁਹਾਡਾ 'ਕਿਸ਼ਨ' ਪਰ ਕੋਰੈ ਹੁਨਰ ਤੋਂ।

00

ਉਹ ਜਦੋਂ ਮਿਹਰਬਾਨ ਹੋਇਆ ਹੈ,
ਪਲ 'ਚ ਦੁਸ਼ਮਣ ਜਹਾਨ ਹੋਇਆ ਹੈ।

ਜਿਉਣ ਜੋਗਾ ਉਹ ਗ਼ਮ ਦੇ ਗਿਆ ਰੱਜਵੇਂ,
ਜਿਉਣ ਜੋਗਾ ਸਮਾਨ ਹੋਇਆ ਹੈ।

ਦਰਦ, ਅਹਿਸਾਸ ਇਕ ਬਹੁਤ ਸੂਖਮ,
ਦਰਦ ਕਿਸਤੋਂ ਬਿਆਨ ਹੋਇਆ ਹੈ।

ਦਾਸਤਾਂ ਆਪਣੀ ਤਾਂ ਦੋ ਹਰਫ਼ੀ,
ਹਰ ਘੜੀ ਇਮਤਿਹਾਨ ਹੋਇਆ ਹੈ।

ਦਿਲ 'ਚ ਸੁਪਨੇ ਮਚਲ ਮਚਲ ਜਾਂਦੇ,
ਜਦ ਵੀ ਉਸਦਾ ਧਿਆਨ ਹੋਇਆ ਹੈ।

ਦਿਲ ਮਿਰਾ ਵਾਰ ਵਾਰ ਭਰਦੈ ਕਿਉਂ,
ਕੌਣ ਅਜ ਮਿਹਰਬਾਨ ਹੋਇਆ ਹੈ।

ਕੌਣ ਰਿਸ਼ਤੇ ਚੁਰਾ ਗਿਆ ਘਰ ਚੋਂ,
ਘਰ ਮਿਰਾ ਇਕ ਮਕਾਨ ਹੋਇਆ ਹੈ।

ਕਿਸ਼ਨ ਤੇ ਵੀ ਰਿਹੈਂ ਕਦੇ ਮਰਦਾ,
ਕਾਸਦਾ ਹੁਣ ਗੁਮਾਨ ਹੋਇਆ ਹੈ।



00

ਕਿਵੇਂ ਰੰਗ ਉਹ ਪਲ ਪਲ ਬਦਲਦਾ ਪਿਆ ਅਪਣਾ,
ਕਦੇ ਅਜਨਬੀ ਲਗਦੈ, ਕਦੇ ਜਾਪਦਾ ਅਪਣਾ।

ਖ਼ਿਆਲਾਂ 'ਚ ਵੀ ਰਸ ਦੀ, ਜਿਵੇਂ ਧਾਰ ਹੈ ਵਹਿੰਦੀ,
ਤਿਰੀ ਯਾਦ ਦੀ ਖ਼ੁਸ਼ਬੋ 'ਚ ਮਨ ਮਹਿਕਿਆ ਅਪਣਾ।

ਹਰਿਕ ਮੋੜ ਤੇ ਸਾਨੂੰ, ਨ ਜੇ ਹਾਦਸਾ ਮਿਲਦਾ;
ਨ ਮਜ਼ਬੂਤ-ਸੀ ਹੋਣਾ, ਕਦੇ ਹੌਸਲਾ ਅਪਣਾ।

ਤਿਰਾ ਨੇੜ, ਤਿਹੁ, ਹੇਜ, ਏਨਾ ਤਿਰਾ ਮੋਹ ਹਾਇ,
ਕਿਵੇ ਸਹਿ ਸਕੂੰ ਜੇਕ੍ਰ ਪਿਆ ਫਾਸਲਾ ਅਪਣਾ।

ਖ਼ੁਸ਼ੀ ਵਿਚ ਕਿਤੇ ਰੁਕ ਹੀ ਨ ਜਾਵੇ ਮਿਰੀ ਧੜਕਣ,
ਕਿਤੇ ਭੁੱਲਕੇ ਹੀ ਤਾਂ ਨਈਂ ਤੁਸੀਂ ਆਖਤਾ ਅਪਣਾ।

ਰਚੀ ਇੰਜ ਤਿਰੇ ਖ਼ਤ ਵਿਚ ਤਿਰੇ ਰੂਪ ਦੀ ਖ਼ੁਸ਼ਬੂ,
ਇਹ ਖ਼ਤ ਜਿਸਮ ਹੈ ਜੀਕਣ ਕਿ ਸਗਵਾਂ ਤਿਰਾ ਅਪਣਾ।

ਹਰਿਕ ਸ਼ਬਦ ਹੀ ਰੰਗਾਂ, ਸੁਗੰਧਾਂ 'ਚ ਹੈ ਭਿੱਜਿਆ,
ਗ਼ਜ਼ਲ ਕਹਿਣ ਦਾ ਵਲ ਹੈ, ਤਿਰੇ 'ਕਿਸ਼ਨ' ਦਾ ਅਪਣਾ।

00

ਇਸ਼ਕ ਦੇ ਰਾਹਾਂ ਦੇ ਵਿਚ ਭਟਕੇ ਬਿਨਾਂ,
ਦਿਲ ਨੂੰ ਆਇਆ ਨਾ ਮਜ਼ਾ ਤੜਪੇ ਬਿਨਾਂ।

ਭਾਰ ਦਿਲ ਦਾ ਲਾਹੁਣ ਤੋਂ ਮਜਬੂਰ ਨੇ,
ਅੱਥਰੂ ਅੱਖਾਂ 'ਚ ਹਨ ਛਲਕੇ ਬਿਨਾਂ।

ਨ੍ਹੇਰਿਆਂ ਵਿਚ ਅਪਣਾ ਆਪਾ ਬਾਲਕੇ,
ਕਦ ਭਲਾ ਜੁਗਨੂੰ ਰਹੇ ਚਮਕੇ ਬਿਨਾਂ।

ਇਸ ਤਰ੍ਹਾਂ ਦੇ ਜੀਣ ਦੇ ਨਾ ਅਰਥ ਕੁਝ,
ਜੀ ਰਹੇ ਹਾਂ ਉਂਝ ਤਾਂ ਤੇਰੇ ਬਿਨਾਂ।

ਇਉਂ ਨ ਦੇਵੋ ਅਰਥ ਮੇਰੀ ਚੁੱਪ ਨੂੰ,
'ਕਿਸ਼ਨ' ਦਿਲ ਦੇ ਦਰਦ ਨੂੰ ਸਮਝੇ ਬਿਨਾਂ।



00

ਕਿਸੇ ਦੀ ਬੇਬਸੀ ਤੇ ਜ਼ਹਿਰ ਭਿੱਜੀ ਮੁਸਕਣੀ ਨਾਲੋਂ,
ਮਿਰੀ ਖ਼ਾਤਿਰ, ਗ਼ਮੀ ਚੰਗੀ, ਕਿਸੇ ਐਸੀ ਖ਼ੁਸ਼ੀ ਨਾਲੋਂ।

ਤੁਸੀਂ ਰੁਤਬੇ ਲਓ, ਭੁੱਖਾਂ ਮਿਟਾਓ, ਨਾਮ ਚਮਕਾਓ,
ਫ਼ਕੀਰੀ ਰਾਸ ਹੈ ਸਾਨੂੰ, ਕਿਸੇ ਦੀ ਚਾਕਰੀ ਨਾਲੋਂ।

ਬਣਾਵਟ ਨਾਲ ਅਪਣੇ ਰੂਪ ਦੀ ਜੋਖਣਾ ਨ ਪੱਟ ਬੈਠੀਂ,
ਕਿ ਗਹਿਣਾ ਰੂਪ ਤੇ ਫਬਦਾ ਨਾ ਕੋਈ ਸਾਦਗੀ ਨਾਲੋਂ।

ਅਸਾਡਾ ਦਿਲ ਤੁਸੀਂ ਨਾ ਤੋੜਦੇ ਤਾਂ ਤੋੜਦਾ ਕਿਹੜਾ,
ਕਿ ਦਿਲ ਦੇ ਕੌਣ ਸੀ ਨਜ਼ਦੀਕ ਏਨਾ, ਆਪਜੀ ਨਾਲੋਂ।

ਉਨ੍ਹਾਂ ਦੇ ਵਾਸਤੇ ਅਜ ਕਲ ਅਸੀਂ ਤਾਂ ਹੋ ਗਏ ਵਾਧੂ,
ਜਿਨ੍ਹਾਂ ਦੇ ਨਾਲ ਸੀ ਵਧਕੇ ਮੁਹੱਬਤ ਜ਼ਿੰਦਗੀ ਨਾਲੋਂ।

ਜ਼ਿਆਦਾ ਫ਼ਰਕ ਨਈਂ ਦੋਹਾਂ 'ਚ ਕੇਵਲ ਫ਼ਰਕ ਏਨਾ ਹੀ,
ਜ਼ਰਾ ਖਿੜਿਆ ਜਿਹਾ ਲਗਦੈ ਤਿਰਾ ਚਿਹਰਾ ਕਲੀ ਨਾਲੋਂ।

ਇਨਾਂ ਦੇ ਰੂਬਰੂ ਠਹਿਰੇ ਨ ਏਨਾ ਤੂਲ ਦੇਹ ਇਸਨੂੰ,
ਬੜੇ ਹਨ 'ਕਿਸ਼ਨ' ਜਗ ਦੇ ਗ਼ਮ, ਤਿਰੀ ਨਿੱਕੀ ਗ਼ਮੀ ਨਾਲੋਂ।

00

ਜ਼ਿੰਦਗੀ ਦਾ ਰੰਗ ਤੂੰ ਫਿਰ ਦੇਖਿਆ ਕੋਈ ਨਹੀਂ,
ਜ਼ਿੰਦਗੀ ਵਿਚ ਜੋ ਹੰਢਾਇਆ ਹਾਦਸਾ ਕੋਈ ਨਹੀਂ।

ਭਾਲਿਐ ਜਿਸਨੇ ਸਹਾਰਾ ਵੇਲ ਬਣਕੇ ਰਹਿ ਗਿਐ,
ਉਹ ਬਣੇਗਾ ਬਿਰਖ ਜਿਸਨੂੰ ਆਸਰਾ ਕੋਈ ਨਹੀਂ।

ਰਸ ਗਿਐਂ ਸਾਹਾਂ ਚ' ਖ਼ੁਸ਼ਬੂ ਵਾਂਗ ਮਨ ਵਿਚ ਵਸ ਗਿਐਂ,
ਹੁਣ ਦਗ਼ਾ ਵੀ ਦੇ ਦਵੇਂ ਤਾਂ ਵੀ ਗਿਲਾ ਕੋਈ ਨਹੀਂ।

ਕੀ ਕਹਾਂ ਉਸਨੂੰ ਕਿ ਉਹ ਅਪਣੀ ਖ਼ਤਾ ਮਹਿਸੂਸਦਾ,
ਦੋਸਤੋ ਅਹਿਸਾਸ ਤੋਂ ਵਧਕੇ ਸਜ਼ਾ ਕੋਈ ਨਹੀਂ।

ਸੋਚ ਦਾ ਹੀ ਫ਼ਰਕ ਹੈ ਬਸ ਫ਼ਰਕ ਐਪਰ ਸੋਚ ਦੈ,
ਉਂਞ ਤਾਂ ਅਪਣੇ ਵਿਚਾਲੇ ਫ਼ਾਸਲਾ ਕੋਈ ਨਹੀਂ।

ਹੁੱਬ ਨਾ ਤਾਕਤ ਦੀ ਸ਼ਹਿ ਤੇ ਨਰਦ ਤੂੰ ਇਸ ਖੇਡ ਦੀ,
ਇਹ ਸਿਆਸਤ ਹੈ ਕਿ ਇਸ ਵਿਚ ਆਪਣਾਂ ਕੋਈ ਨਹੀਂ।

ਓਸ ਵਰਗਾ ਜਦ ਨ ਕੋਈ ਮਾਣ ਫਿਰ ਕਿਉਂ ਨਾ ਕਰੇ,
ਦੋਸਤਾਂ 'ਚੋਂ 'ਕਿਸ਼ਨ' ਵਰਗਾ ਸਿੱਧਰਾ ਕੋਈ ਨਹੀਂ।



00

ਪੀੜ ਵਧਦੀ ਜਾ ਰਹੀ ਕੀਕਣ ਜਰਾਂ ਮੈਂ,
ਭਾਵ ਦਿਲ ਦੇ ਕਿਸ ਤਰ੍ਹਾਂ ਪ੍ਰਗਟ ਕਰਾਂ ਮੈਂ।

ਕੀ ਪਤਾ, ਕੀ ਕਰ ਬਹਾਂ ਮੈਂ, ਕੀ ਭਰੋਸਾ,
ਵਧ ਰਹੀ ਅਪਣੀ ਖ਼ਮੋਸ਼ੀ ਤੋਂ ਡਰਾਂ ਮੈਂ।

ਸੋਚਦਾਂ ਮੈਂ ਕਿਸ ਤਰ੍ਹਾਂ ਦਾ ਹਾਂ ਮੁਹਾਣਾਂ,
ਹਰ ਸਮੇਂ ਹੀ ਸੋਚ ਦਾ ਸਾਗਰ ਤਰਾਂ ਮੈਂ।

ਜੇ ਮੈਂ ਜੀਵਾਂ ਜ਼ਿੰਦਗੀ ਖ਼ਾਤਿਰ ਹੀ ਜੀਵਾਂ,
ਜੇ ਮਰਾਂ ਤਾਂ ਜ਼ਿੰਦਗੀ ਖ਼ਾਤਿਰ ਮਰਾਂ ਮੈਂ।

ਲੋਚਦਾਂ ਬਣਨਾ ਕਦੇ ਨ ਮੀਲ ਪੱਥਰ,
ਲੋਚਦਾਂ ਵਗਣਾ ਹਵਾਵਾਂ ਦੀ ਤਰ੍ਹਾਂ ਮੈਂ।

ਤੇਰੀਆਂ ਜ਼ੁਲਫ਼ਾਂ 'ਚ ਮੈਂ ਟੰਗਾਂ ਸਿਤਾਰੇ,
ਜੇ ਕਹੇਂ ਸੂਰਜ ਹਥੇਲੀ 'ਤੇ ਧਰਾਂ ਮੈਂ।

ਜਦ ਕਿ ਪਹਿਲੀ ਨੀਂਦ ਵਿਚ ਹੀ ਖ਼ਾਬ ਟੁਟਦਾ,
'ਕਿਸ਼ਨ' ਚੁਗਦਾਂ ਰਾਤ ਸਾਰੀ ਛਿਲਤਰਾਂ ਮੈਂ।

00

ਸਜ਼ਾ ਅਪਣੀ ਨਦਾਨੀ ਦੀ ਭੁਗਤਦਾ ਨਾ,
ਮੈਂ ਦਿਲ ਦੀ ਦਿਲ 'ਚ ਹੀ ਰਖਦਾ, ਆਖਦਾ ਨਾ।

ਸਤਾਏ ਜਾਣ ਦੀ ਤੂੰ ਹੀ ਗੰਢ ਪਾਈ,
ਸਤਾ ਵੀ, ਨਾ ਸਤਾਕੇ ਤੂੰ ਹੁਣ ਸਤਾ ਨਾ।

ਤਿਰੇ ਇਕਰਾਰ ਦਾ ਇਹ ਅੰਦਾਜ਼, ਵਾਰੀ,
ਤਿਰੀ ਤੱਕਣੀ 'ਚ ਹਾਂ, 'ਤੇ ਬੁਲ੍ਹਾਂ 'ਚ ਨਾ ਨਾ।

ਖ਼ਤਾ ਤੇਰੀ ਨਹੀਂ ਸੀ ਨਾ ਬੇ ਵਫ਼ਾ ਤੂੰ,
ਮਿਰੇ ਹਾਲਾਤ ਨੇ ਹੀ ਕੀਤੀ ਵਫ਼ਾ ਨਾ।

ਇਨ੍ਹਾਂ ਦੀ ਇਸ ਤਰਾਂ ਖ਼ੁਸ਼ਬੂ ਨ ਖਿਲ੍ਹਰਦੀ,
ਮਿਰੇ ਜਜ਼ਬਾਤ ਨੂੰ ਜੇ ਲਗਦੀ ਹਵਾ ਨਾ।

ਨਾ ਗ਼ਮ ਦੀ ਗਹਿਰ ਛਟਣੀ, ਹੌਲਾ ਨ ਹੋਣਾ,
ਕਿ ਜਿੰਨੀ ਦੇਰ ਮਨ ਭਰਕੇ ਛਲਕਦਾ ਨਾ।

ਹਵਾ ਦੇ ਰੁਖ਼ ਨ ਜਿਹੜੇ ਵੀ 'ਕਿਸ਼ਨ' ਚਲਦੇ,
ਉਨਾਂ ਨੂੰ ਰਾਸ ਆਉਂਦਾ ਹੈ ਕਦ ਜ਼ਮਾਨਾ।



00

ਜਜ਼ਬਿਆਂ 'ਚ ਇਕ ਹਲ ਚਲ, ਇਹ ਉਭਾਰ ਦਿੰਦਾ ਹੈ,
ਕੁਝ ਕੁ ਪਲ ਤਿਰਾ ਮਿਲਣਾ, ਕਦ ਕਰਾਰ ਦਿੰਦਾ ਹੈ।

ਸਭ ਗਿਲੇ ਮਿਟਾ ਦੇਵੇ, ਸਭ ਉਲਾਂਭੇ ਲਾਹ ਦੇਵੇ,
ਹਸਦਿਆਂ ਤਿਰਾ ਤੱਕਣਾ, ਦੁੱਖ ਨਵਾਰ ਦਿੰਦਾ ਹੈ।

ਚਿਤਰਕਾਰ ਤਾਂ ਚੰਗੈ, ਇਹ ਮਿਰਾ ਤਸੱਵਰ ਵੀ,
ਨੈਣ ਨਕਸ਼ ਕੁਝ ਤੇਰੇ, ਨਿੱਤ ਨਿਖਾਰ ਦਿੰਦਾ ਹੈ।

ਤਰਲ ਤਰਲ ਮਨ ਹੋਇਆ, ਦੇਖਦਾਂ ਤਖ਼ਈਅਲ ਮੈਂ,
ਅੱਜ ਮਿਰੇ ਖ਼ਿਆਲਾਂ ਨੂੰ, ਕੀ ਨੁਹਾਰ ਦਿੰਦਾ ਹੈ।

ਸੁਖ ਅਰਾਮ ਜੇ ਮੇਰੇ, ਖੁੱਸ ਗਏ ਤਾਂ ਕੀ ਹੋਇਆ,
ਆਦਮੀ ਤਾਂ ਚਾਹਤ ਤੇ, ਜਾਨ ਵਾਰ ਦਿੰਦਾ ਹੈ।

ਡੁੱਬਣਾ ਜਦੋਂ ਚਾਹਾਂ, ਮੈਂ ਕਦੇ ਵੀ ਗਫ਼ਲਤ ਵਿਚ,
ਹਾਦਸਾ ਕੁਈ ਮੈਨੂੰ, ਫਿਰ ਉਭਾਰ ਦਿੰਦਾ ਹੈ।

ਜ਼ਿੰਦਗੀ 'ਚ ਪਲ ਐਸਾ, ਬਸ ਕਦੇ ਕਦੇ ਆਉਂਦਾ,
ਦੋ ਦਿਲਾਂ ਵਿਚਾਲੇ ਜੋ, ਪੁਲ ਉਸਾਰ ਦਿੰਦਾ ਹੈ।

ਹਾਂ ਅਜੀਬ ਰਿਸ਼ਤਾ ਹੈ, ਦੋਸਤੋ ਮੁਹੱਬਤ ਦਾ,
ਜ਼ਿੱਤਦੈ ਉਹੀ ਇਸ ਵਿਚ, ਦਿਲ ਜੁ ਹਾਰ ਦਿੰਦਾ ਹੈ।

ਹੋ ਸਕੇ ਜ਼ਮਾਨੇ ਦਾ, ਦਰਦ ਹੀ ਵੰਡਾ ਲੈਂ ਕੁਝ,
ਓ ਮਨਾ ਖ਼ੁਸ਼ੀ ਕੋਈ, ਕਦ ਉਧਾਰ ਦਿੰਦਾ ਹੈ।

ਦਿਲ ਵਿਸ਼ਾਲ ਜੇ ਰੱਖੇਂ, ਕੀ ਵਿਗਾੜ ਹੈ ਇਸਦਾ,
ਊਂ ਤਿਰਾ ਸੁਆਰਥ ਵੀ, ਕੀ ਸੁਆਰ ਦਿੰਦਾ ਹੈ।

ਜਦ ਉਦਾਸ ਹੋ ਜਾਂਦੈ, 'ਕਿਸ਼ਨ' ਫਿਰ ਗ਼ਜ਼ਲ ਕਹਿੰਦੇ,
ਬੋਝ ਮਨ ਦਾ ਕਾਗਜ਼ 'ਤੇ, ਉਹ ਉਤਾਰ ਦਿੰਦਾ ਹੈ।

00

ਦਿਖਾਵਾ ਕਰਨ ਦੀ ਕੀ ਲੋੜ ਤੈਨੂੰ ਪੈ ਗਈ ਸੀ,
ਕਿ ਹਮਦਰਦੀ ਨ ਸੀ, ਛਲ ਸੀ, ਤਿਰੀ ਜੋ ਦਿਲਬਰੀ ਸੀ।

ਮਿਰੀ ਚੁਸਤੀ, ਜੁ ਤੂੰ ਨੌਲੇਂ, ਇਹ ਕਿਸਦੀ ਦੇਣ ਦੱਸੀਂ?
ਭਲੇ ਮਾਣਸ, ਮਿਰੀ ਸਾਦਾ ਦਿਲੀ ਤੂੰ ਹੀ ਛਲੀ ਸੀ।

ਨ ਤੇਰੀ ਬੇਵਫ਼ਾਈ ਦਾ ਮੈਂ ਤੈਨੂੰ ਦੋਸ਼ ਦੇਵਾਂ,
ਸਮਝ ਸਕਿਆ ਨ ਮੈਂ ਦੋਸ਼ੀ ਮਿਰੀ ਸਾਦਾ ਦਿਲੀ ਸੀ।

ਮੈਂ ਤਨਹਾ ਸਾਂ ਜਦੋਂ, ਫ਼ਿਕਰਾਂ ਦੀ ਮਨ ਵਿਚ ਭੀੜ ਸੀ ਤਦ,
ਨਗਰ ਦੀ ਭੀੜ ਵਿਚ ਪਰ ਜਿੰਦ ਤਨਹਾ ਰਹਿ ਗਈ ਸੀ।

ਉਹ ਮਿਲਿਆ, ਪੇਸ਼ ਇੱਕ ਨਾ ਜਾਣ ਦਿੱਤੀ ਜਜ਼ਬਿਆਂ ਨੇ,
ਨ ਭਰਦਾ ਮਨ, ਤਾਂ ਮਨ ਦੀ ਗੱਲ ਉਸਨੂੰ ਆਖਣੀ ਸੀ।

ਜਦੋਂ ਹਾਲਾਤ ਬਦਲੇ ਏਸਦਾ ਅਹਿਸਾਸ ਹੋਇਆ,
ਕਿਤੇ ਉਹਲੇ 'ਚ ਹੀ ਤਾਂ ਦੋਸਤੀ ਦੇ ਦੁਸ਼ਮਣੀ ਸੀ।

ਪਏ ਹਨ 'ਕਿਸ਼ਨ' ਤੈਨੂੰ ਝੱਲਣੇ ਨਖ਼ਰੇ ਗ਼ਜ਼ਲ ਦੇ;
ਓ ਸਾਊ ਤੂੰ ਬੜਾ ਹੀ ਸਿੱਧ ਪਧਰਾ ਆਦਮੀ ਸੀ।



00

ਹਿੰਮਤ ਬਗ਼ੈਰ ਕੁਝ ਵੀ, ਕਰਨਾ ਨਹੀਂ ਸੁਖਾਲਾ,
ਜਿਊਣਾ ਨਹੀਂ ਸੁਖਾਲਾ, ਮਰਨਾ ਨਹੀਂ ਸੁਖਾਲਾ।

ਇਸ ਵਾਸਤੇ ਸਮੇਂ ਦੀ, ਮਰਹਮ ਹੀ ਕਾਰਗਰ ਹੈ,
ਸਜਣਾ ਇਹ ਜ਼ਖ਼ਮ ਦਿਲ ਦਾ, ਭਰਨਾ ਨਹੀਂ ਸੁਖਾਲਾ।

ਅਪਣੇ ਲਹੂ 'ਚ ਭਿਜਣਾ, ਅਖ਼ਬਾਰ ਪੜ੍ਹਨਾ ਅਜ ਕਲ,
ਨਿਸ ਦਿਨ ਲਹੂ ਦਾ ਦਰਿਆ, ਤਰਨਾ ਨਹੀਂ ਸੁਖਾਲਾ।

ਹਾਕਮ ਜੁ ਇਸ ਨਗਰ ਦਾ, ਵੈਰੀ ਮੁਹੱਬਤਾਂ ਦਾ,
ਤੇਰਾ ਖ਼ਿਆਲ ਤਕ ਵੀ, ਕਰਨਾ ਨਹੀਂ ਸੁਖਾਲਾ।

ਕਹਿੰਦਾ ਨ ਇਉਂ ਸੁਭਾਵਕ, ਡੇਲਾਂ ਨ ਦਿਲ ਧਰਾਂ ਮੈਂ,
ਤੂੰ ਜਾਣਦਾ ਜੇ ਦਿਲ ਹੀ, ਧਰਨਾ ਨਹੀਂ ਸੁਖਾਲਾ।

ਸਾਂਝਾ ਕਰੋਗੇ ਜੇਕਰ, ਕੁਝ ਤਾਂ ਕਸਕ ਘਟੇਗੀ,
ਇਹ ਦਰਦ ਕੱਲਿਆਂ ਤਾਂ, ਜਰਨਾ ਨਹੀਂ ਸੁਖਾਲਾ।

ਗ਼ਜ਼ਲਾਂ 'ਚ 'ਕਿਸ਼ਨ' ਅਪਣੇ, ਕਰਦਾ ਗ਼ਲਤ ਹੈ ਗ਼ਮ ਨੂੰ,
ਉਹ ਸ਼ਖ਼ਸ਼ ਜ਼ਿੰਦਗੀ ਵਿਚ, ਵਰਨਾ ਨਹੀਂ ਸੁਖਾਲਾ।

00

ਜਦ ਤਕ ਤੇਰੀ ਸੋਚ ਰਹੇਗੀ ਅਪਣੇ ਨਿਜ ਦੇ ਘੇਰੇ ਵਿਚ,
ਓਦੋਂ ਤੀਕਰ ਤੂੰ ਭਟਕੇਂਗਾ ਅਪਣੀ ਮੈਂ ਦੇ ਨ੍ਹੇਰੇ ਵਿਚ।

ਮੈਂ ਮੁੱਢੋਂ ਚਾਨਣ ਦਾ ਆਸ਼ਕ, ਤੂੰ ਦੀਵਾਨਾ ਹੈਂ ਰਾਤਾਂ ਦਾ,
ਤੂੰ ਵਟ ਜਾਣੈਂ ਕਾਲਖ ਦੇ ਵਿਚ, ਤੇ ਮੈਂ ਸੁਰਖ ਸਵੇਰੇ ਵਿਚ।

ਕਾਲੀ ਬੋਲੀ ਰਾਤ 'ਚ ਮੈਨੂੰ ਜਾਪ ਰਹੇ ਨੇ ਏਕਣ ਤਾਰੇ,
ਜੀਕਣ ਕੇਰੇ ਹੋਣ ਕਿਸੇ ਨੇ ਚਾਨਣ ਦੇ ਬੀ, ਨ੍ਹੇਰੇ ਵਿਚ।

ਉਹ ਕਹਿੰਦੇ ਨੇ ਮਾਇਆ ਮੋਹਣੀ, ਬੰਦੇ ਨੂੰ ਸਪਣੀ ਬਣ ਡੰਗੇ,
ਫਿਰ ਵੀ ਮਾਇਆ ਦੇ ਹੀ ਝੇੜੇ, ਕਿਉਂ ਸੰਤਾਂ ਦੇ ਡੇਰੇ ਵਿਚ।

ਦਰਦ ਕਹਾਣੀ 'ਕਿਸ਼ਨ' ਤਿਰੀ ਸੁਣਕੇ ਤਾਂ ਇਉਂ ਲਗਦੈ ਮੈਨੂੰ,
ਜੀਕਣ ਮੇਰਾ ਵੀ ਹਿੱਸਾ ਹੈ, ਕੁਝ ਨਾ ਕੁਝ ਗ਼ਮ ਤੇਰੇ ਵਿਚ।



00

ਕੁਛ ਨ ਕੁਛ ਤਾਂ ਜਨਾਬ ਹੋਣਾ ਸੀ,
ਜ਼ਿੰਦਗੀ ਨੇ ਅਜ਼ਾਬ ਹੋਣਾ ਸੀ।

ਕਰਜ਼ 'ਤੇ ਸੀ ਵਿਆਜ਼ ਤਾਂ ਪੈਣਾ,
ਗ਼ਮ ਤਿਰਾ ਬੇ ਹਿਸਾਬ ਹੋਣਾ ਸੀ।

ਇਹ ਜੁ ਮਸਲੀ ਗਈ ਕਲੀ ਇਸ ਦਾ,
ਰੂਪ ਖਿੜਨਾ ਗੁਲਾਬ ਹੋਣਾ ਸੀ।

ਪਾਲ ਰੱਖੀ ਸੰਵੇਦਨਾ ਮਨ ਵਿਚ,
ਹਾਲ ਅਪਣਾ ਖ਼ਰਾਬ ਹੋਣਾ ਸੀ।

ਜੇ ਮੁਹੱਬਤ ਨ ਮਹਿਕਦੀ ਇਸ ਥਾਂ,
ਇਉਂ ਨ ਚਰਚਿਤ ਚਨਾਬ ਹੋਣਾ ਸੀ।

ਜੇ ਬੁਲੰਦੀ ਖ਼ਿਆਲ ਦੀ ਛੂਹਦੀਂ,
ਕਲਪਣਾ ਨੇ ਉਕਾਬ ਹੋਣਾ ਸੀ।

ਦਿਲ 'ਚ ਵੀ 'ਕਿਸ਼ਨ' ਸਾਂਭ ਰਖਦਾ ਕੁਛ,
ਤੂੰ ਨ ਖੁੱਲ੍ਹੀ ਕਿਤਾਬ ਹੋਣਾ ਸੀ।

15115

00

ਨਿਰਾਸ ਨ ਹੋ, ਤਰਾਸ ਨ ਰੱਖ, ਹਰਾਸ ਨ ਰਹਿ, ਉਦਾਸ ਮਨਾ,
ਜੇ ਸਿਦਕ ਦਰਿੜ ਕਰੇਂ ਤਾਂ ਕਰੇਂ, ਤੂੰ ਦੂਰ ਗ਼ਮਾ ਦਾ ਪਾਸ ਮਨਾ।

ਜੇ ਸੁਖ ਦੀ ਘੜੀ, ਹੈ ਥੋੜ ਚਿਰੀ, ਤਾਂ ਦੁਖ ਦੀ ਘੜੀ ਵੀ ਥਿਰ ਤਾਂ ਨਹੀਂ,
ਗੁਆ ਨ ਬਹੀਂ ਤੂੰ ਧੀਰ ਕਿਤੇ, ਗੁਆ ਨਾ ਬਹੀਂ ਤੂੰ ਆਸ ਮਨਾ।

ਮੈਂ ਸੋਚ ਰਿਹਾਂ ਕਿ ਕੀ ਮੈਂ ਕਹਾਂ, ਸਰਾਪ ਕਹਾਂ ਕਿ ਵਰ ਹੀ ਕਹਾਂ,
ਉਹ ਪੀੜ ਮਿਲੀ, ਉਹ ਦਰਦ ਮਿਲੇ, ਜਿਨ੍ਹਾਂ ਦਾ ਨ ਸੀ ਕਿਆਸ ਮਨਾ।

ਜੇ ਤਲਖ਼ ਪਲਾਂ ਦੀ, ਕਿਲਕ ਪੁੜੇ, ਤਾਂ ਲਫ਼ਜ਼ ਦਵੇਂ, ਤੂੰ ਕਹਿ ਤਾਂ ਲਵੇਂ,
ਇਹ ਅਗਨ ਉਨ੍ਹਾਂ ਦੇ ਮਨ 'ਚ ਧੁਖੇ ਜੁ ਕਢ ਨ ਸਕਣ ਭੜਾਸ ਮਨਾ।

ਮੈਂ ਬੀਜ ਲਵਾਂ ਜੇ ਖ਼ਾਬ ਕੁਈ, ਨ ਧਰਤ ਤਿਰੀ ਹੈ ਵੱਤ ਅਜੇ,
ਜੇ ਮਨ 'ਚ ਕੁਈ ਉਮੰਗ ਉਠੇ, ਥੁੜ੍ਹਾਂ ਦਾ ਬਣੇ, ਗਰਾਸ ਮਨਾ।

ਜਿਨ੍ਹਾਂ ਦੇ ਮਨੀ ਗ਼ਮੀ ਨ ਰਮੀ, ਦਿਲਾਂ 'ਚ ਜਿਨ੍ਹਾਂ ਦੇ ਦਰਦ ਨਹੀਂ,
ਵੰਡਾ ਨ ਸਕਣ ਉਹ ਪੀੜ ਕਦੇ, ਧਰਾ ਨ ਸਕਣ ਧਰਾਸ ਮਨਾ।

ਬਣੂ ਕੀ ਤਿਰਾ ਜੇ ਰਾਹ 'ਚ ਤਿਰੇ, ਨ ਰੋਕ ਬਣੇ, ਤੂੰ ਸੋਚ ਜ਼ਰਾ,
ਵਿਰੋਧ ਤਿਰਾ ਜੇ ਜਗ ਨ ਕਰੂ, ਕਰੇਂਗਾ ਕਿਵੇਂ, ਵਿਕਾਸ ਮਨਾ।

ਨ ਜਿਸਨੇ ਕਦੇ ਵੀ ਦਰਦ ਸਿਹਾ, ਨ ਤਲਖ਼ ਪਲਾਂ ਦਾ ਸੇਕ ਸਿਹਾ,
ਨ ਕਦਰ ਖ਼ੁਸ਼ੀ ਦੀ ਜਾਣ ਸਕੂ, ਨ ਮਾਣ ਸਕੂ ਹੁਲਾਸ ਮਨਾ।

ਇਹ ਦਰਦ ਤਿਰਾ, ਅਸਹਿ ਹੈ ਬੜਾ, ਇਹ ਸਹਿ ਨ ਸਕਣਗੇ ਮੀਤ ਤਿਰੇ,
ਇਹ ਦਰਦ ਜੁ ਹੈ ਤੂੰ ਜੀਰ ਲਵੀਂ, ਦਵੀਂ ਨ ਜ਼ਰਾ ਅਭਾਸ ਮਨਾ।

ਉਹ ਸਾਥ ਮਿਰਾ ਦਵੇ ਨ ਦਵੇ, ਮੈਂ ਮਾਣ ਰਿਹਾਂ ਸਪਰਸ਼ ਉਦ੍ਹਾ,
ਤੇ ਯਾਦ ਉਦ੍ਹੀ ਹੈ ਮਨ 'ਚ ਰਮੀ, ਜਿਵੇਂ ਕਿ ਕਲੀ 'ਚ ਬਾਸ ਮਨਾ।

ਜੁ ਹੂਕ ਉਠੀ, ਮੈਂ ਸਹਿਜ ਕਹੀ, ਸਪਾਟ ਸਹੀ, ਸਪਸ਼ਟ ਸਹੀ,
ਨ ਇਸ 'ਚ ਹੁਨਰ ਦੀ ਬਾਤ ਕੁਈ, ਨ ਇਸ 'ਚ ਕਲਾ ਦੀ ਚਾਸ ਮਨਾ।

ਸੁਹਿਰਦ ਰਹੀਂ ਗੰਭੀਰ ਰਹੀਂ ਤੂੰ 'ਕਿਸ਼ਨ' ਸਦਾ ਮਨੁੱਖ ਦੇ ਲਈ,
ਨ ਕੰਮ ਕਿਸੇ ਕਲਾ ਹੈ ਤਿਰੀ, ਜੇ ਦਰਦ ਤਿਰੇ ਨ ਪਾਸ ਮਨਾ।



00

ਰਹੇ ਜੇ ਉਹ ਪੁਗਾ ਅਪਣੀ, ਰਿਹਾਂ ਮੈਂ ਵੀ ਨਿਭਾ ਅਪਣੀ,
ਉਨ੍ਹਾਂ ਦੀ ਬੇ-ਰੁਖ਼ੀ ਜੇ ਹੈ ਨਿਰੰਤਰ ਹੈ ਵਫ਼ਾ ਅਪਣੀ।

ਹੰਢਾਕੇ ਉਮਰ ਮੈਂ ਅੱਧੀ ਕੁ ਬਣਿਆ ਬੁੱਧ ਨਾ ਭਾਵੇਂ,
ਇਨ੍ਹਾਂ ਸਾਲਾਂ 'ਚ ਬਸ ਜਾਣੀ ਹੈ ਮੈਂ ਅਗਿਆਨਤਾ ਅਪਣੀ।

ਉਨ੍ਹਾਂ ਦਾ ਤਾਂ ਸੁਭਾਅ ਹੈ ਜ਼ਖ਼ਮ ਦੇਣੇ, ਉਹ ਤਾਂ ਕੰਡੇ ਨੇ,
ਨੀ ਕਲੀਏ ਤੂੰ ਸੁਭਾਅ ਅਪਣਾ ਨ ਤਜ, ਖ਼ੁਸ਼ਬੂ ਲੁਟਾ ਅਪਣੀ।

ਖ਼ੁਸ਼ੀ ਹੋਵੇ ਤਾਂ ਮੁੱਠਾਂ ਭਰਕੇ ਇਸ ਨੂੰ ਵੰਡ ਵੀ ਦੇਵਾਂ,
ਕਿਵੇਂ ਪਰ ਪਾ ਦਿਆਂ ਮੈਂ ਦੋਸਤਾਂ ਦੇ ਸਿਰ ਬਲਾ ਅਪਣੀ।

ਤੂੰ ਪਹਿਲਾਂ ਆਪਣੀ ਪੀੜ੍ਹੀ ਦੇ ਹੇਠਾਂ ਫੇਰ ਤਾਂ ਸੋਟਾ,
ਤੂੰ ਮੈਨੂੰ ਤੁਖਣੀਆਂ ਦੇਵੇਂ, ਜ਼ਮੀਰ ਅਪਣੀ ਜਗਾ, ਅਪਣੀ।

ਨ ਏਨੇ ਪੈਰ ਛੱਡ, ਕੁਝ ਸੋਚ, ਪਛਤਾਵੇਂਗਾ ਤੂੰ ਇਕ ਦਿਨ,
ਘੁਟੇਗਾ ਦਮ ਤਿਰਾ ਏਨੀ ਨ ਕਰ ਉੱਚੀ ਹਵਾ ਅਪਣੀ।

ਕਰੋ ਤੁਲਣਾ ਕਿਸੇ ਦੇ ਨਾਲ ਨਾ ਮੇਰੀ ਤੁਸੀਂ ਯਾਰੋ,
ਕਿ ਸ਼ਖ਼ਸ਼ੀਅਤ ਹਰਿਕ ਵਖਰੀ, ਹਰਿਕ ਦੀ ਹੈ ਜਗ੍ਹਾ ਅਪਣੀ।

ਮੈਂ ਸ਼ਬਦਾਂ ਨੂੰ ਘੁਮਾਕੇ 'ਕਿਸ਼ਨ' ਅਪਣਾ ਸਾਰਦਾਂ ਬੁੱਤਾਂ,
ਜੇ ਮੇਰੇ ਕੋਲ ਹੋਵੇ ਤਾਂ ਦਿਖਾਵਾਂ ਮੈਂ ਕਲਾ ਅਪਣੀ।

00

ਹੋਰ ਝੁਕ ਜਾਂਦੀ ਖੁੜਾਂ ਦੇ ਭਾਰ ਦੇ ਹੇਠਾਂ ਕਮਰ,
ਰੋਜ਼ ਹੋ ਜਾਂਦੇ ਅਸਾਡੇ ਜੀਣ ਦਾ ਨੀਵਾਂ ਸਤਰ।

ਸਹਿਮਿਐਂ ਦਿਲ ਇਕ ਨਵੀਂ ਕੋਠੀ ਉਸਾਰੀ ਦੇਖਕੇ,
ਲੁਟ ਗਏ ਹੋਣੇ ਖ਼ਰੇ ਇਸ ਵਾਸਤੇ ਕਿੰਨੇ ਕੁ ਘਰ।

ਏਸਦੀ ਸੁਰ ਤੋਂ ਉਚੇਰਾ ਸ਼ੋਰ ਧਰਤੀ ਤੇ ਨਹੀਂ,
ਜਾਨਲੇਵਾ ਹੋ ਗਿਐ ਸਾਡੀ ਖ਼ਮੋਸ਼ੀ ਦਾ ਸਵਰ।

ਏਸ ਪਲ ਤੋਂ ਮੀਟ ਅੱਖਾਂ ਭੂਤ ਦੀ ਚਿੰਤਾ ਕਰੋਂ,
ਲੜ ਹਕੀਕਤ ਤੋਂ ਛੁੜਾਕੇ ਦੌੜਦੇਂ ਸਾਏ ਮਗਰ।

ਜਾਣਦਾਂ ਮੈਂ 'ਕਿਸ਼ਨ' ਏਹੋ ਸੋਚ ਦੀ ਸੀਮਾ ਨਹੀਂ,
ਆ ਰਿਹਾ ਅਸਮਾਨ ਹੈ ਜਿੰਨਾ ਕੁ ਬਾਰੀ ਚੋਂ ਨਜ਼ਰ।



00

ਹੁਣੇ ਮਾਯੂਸ ਹੋ ਕੇ ਬਹਿ ਗਏ ਹੋ, ਸ਼ਾਮ ਬਾਕੀ ਹੈ,
ਕਿ ਛਲਕਾਉ ਅਜੇ ਤਾਂ ਜ਼ਿੰਦਗੀ ਦਾ ਜਾਮ ਬਾਕੀ ਹੈ।

ਹੁਣੇ ਚਿਹਰੇ ਤੇ ਕਿਉਂ ਤੇਰੇ ਪਿਲੱਤਣ ਛਾ ਗਈ ਜ਼ਾਲਮ,
ਤਿਰੀ ਕਰਨੀ ਦਾ ਹਾਲੇ ਤੀਕ ਤਾਂ ਅੰਜਾਮ ਬਾਕੀ ਹੈ।

ਤਿਰਾ ਸੱਚ ਵੱਖਰਾ ਮੈਥੋਂ, ਮਿਰਾ ਸੱਚ ਵੱਖਰਾ ਤੈਥੋਂ,
ਜੇ ਤੇਰਾ ਦੋਸ਼ ਬਾਕੀ ਹੈ, ਮਿਰਾ ਇਲਜ਼ਾਮ ਬਾਕੀ ਹੈ।

ਰਿਹਾ ਜੋ ਨਿੱਜ ਦੀ ਖ਼ਾਤਿਰ ਹੀ ਜ਼ਿੰਦਾ, ਮਰ ਗਿਆ ਉਹ ਤਾਂ,
ਜੁ ਮਰਿਐ ਜੱਗ ਦੀ ਖ਼ਾਤਿਰ, ਉਸੇ ਦਾ ਨਾਮ ਬਾਕੀ ਹੈ।

ਛਿੜੀ ਹੋਈ ਹੈ ਮੁੱਢੋਂ 'ਕਿਸ਼ਨ' ਜੋ ਇਨਸਾਫ਼ ਦੀ ਖ਼ਾਤਿਰ,
ਜਦੋਂ ਤਕ ਆਦਮੀ ਬਾਕੀ, ਉਦੋਂ ਤਕ ਲਾਮ ਬਾਕੀ ਹੈ।

00

ਸਵਾਸ ਵਾਂਗ ਜੋ ਕਿ ਬਾ ਵਫ਼ਾ ਰਿਹਾ,
ਤਮਾਮ ਉਮਰ ਸਾਥ ਹਾਦਸਾ ਰਿਹਾ।

ਅਜੀਬ ਸ਼ਖ਼ਸ਼ ਸੀ ਖਰੇ ਸੀ ਕੀ ਬਲਾ,
ਨਜ਼ਰ 'ਚ ਮੌਤ ਦੇ ਜੁ ਝਾਕਦਾ ਰਿਹਾ।

ਉਬਾਲ ਖ਼ੂਨ ਵਿਚ ਮਿਰੇ ਨ ਕਿਉਂ ਰਹੇ,
ਹਮੇਸ਼ ਜਜ਼ਬਿਆਂ 'ਚ ਜ਼ਲਜ਼ਲਾ ਰਿਹਾ।

ਜਨਾਬ ਨਾਲ ਇੰਝ ਨੇੜਤਾ ਨਿਭੀ,
ਕਿ ਨਾਲ ਨਾਲ ਕੁਝ ਕੁ ਫ਼ਾਸਲਾ ਰਿਹਾ।

ਕਰਾਰ ਕੀ ਬਲਾ ਨ ਜਾਣਦੀ ਬਲਾ
ਜਨਾਬ ਜੀਣ ਹੀ ਮਿਰਾ ਬਲਾ ਰਿਹਾ।

ਉਦਾਸ ਜ਼ਿੰਦਗੀ 'ਚ ਰੰਗ ਮੈਂ ਭਰੇ,
ਕਿ ਰੂਪ ਜਾਂ ਤਿਰਾ ਚਿਤਾਰਦਾ ਰਿਹਾ।

ਹੁਨਰ ਨ ਓਸ ਕੋਲ ਕਹਿਣ ਦਾ ਅਜੇ,
ਕਿ 'ਕਿਸ਼ਨ' ਦਿਲ 'ਚ ਹੈ ਜੁ ਆਖਦਾ ਰਿਹਾ।



00

ਦਰਦ, ਤਨਹਾਈ ਉਦਾਸੀ, ਬੇਬਸੀ; ਹੈ,
ਖ਼ੂਬਸੂਰਤ ਫੇਰ ਵੀ ਪਰ ਜ਼ਿੰਦਗੀ ਹੈ।

ਮੁਸ਼ਕਲਾਂ ਦਾ ਵੀ ਰਿਹਾ ਤੂਫ਼ਾਨ ਵਗਦਾ,
ਆਸ ਵੀ ਮੇਰੀ ਸਦਾ ਜਗਦੀ ਰਹੀ ਹੈ।

ਮੈਂ ਨਜ਼ਰ ਭਰਕੇ ਨ ਤੈਨੂੰ ਦੇਖ ਸਕਿਆ,
ਜ਼ਿੰਦਗੀ ਮੇਰੀ ਅਜੇ ਤਕ ਸਖਣੀ ਹੈ।

ਹੱਕ ਜਤਾਵੋ ਏਸਤੇ ਐਵੇਂ ਨ ਅਪਣਾ,
ਇਹ ਮੁਸੀਬਤ ਹੈ ਜੁ ਮੇਰੀ ਆਪਣੀ ਹੈ।

'ਕਿਸ਼ਨ' ਮੌਸਮ ਨੂੰ ਤਰੋਤਾਜ਼ਾ ਕਰੇਗੀ,
ਹੋਂਦ ਮੇਰੀ ਮਹਿਕ ਵਾਂਗੂੰ ਬਿਖਰੀ ਹੈ।

00

ਉਨ੍ਹਾਂ ਦੇ ਜ਼ਿਹਨ 'ਚ ਕੀਕਣ ਨ ਫਿਰ ਉਜਾਲੇ ਹੋਣ,
ਮਨਾਂ 'ਚ ਸੂਝ ਦੇ ਦੀਵੇ ਜਿਨ੍ਹਾਂ ਨੇ ਬਾਲੇ ਹੋਣ।

ਕਰਾਰ ਭਾਲਦੇਂ ਭਲਾ ਮਨਾ, ਤੂੰ ਭੋਲਾ ਹੈਂ,
ਜਿਨ੍ਹਾਂ ਦੀ ਸੋਚ ਹੈ ਰੌਸ਼ਨ ਉਹ ਕਦ ਸੁਖਾਲੇ ਹੋਣ?

ਭੰਵਰ ਦੀ ਥਾਹ ਕਿਵੇਂ ਪਾਵਣ, ਜੁ ਕੰਢਿਆਂ ਤੇ ਖੜ੍ਹੇ,
ਕਿ ਥਾਹ ਉਹ ਪਾ ਸਕਣ ਜਿਹੜੇ ਭੰਵਰ ਵਿਚਾਲੇ ਹੋਣ।

ਨਹੀਂ ਹੈ ਰੰਗ ਦੀ, ਕਿਰਦਾਰ ਦੀ ਹੈ ਗੱਲ ਸਾਰੀ,
ਇਹ ਲੋਅ ਹੀ ਵੰਡਦੇ ਭਾਵੇਂ ਕਿ ਹਰਫ ਕਾਲੇ ਹੋਣ।

ਸੰਜੋ ਸੰਜੋਕੇ ਜੁ ਰਖਦਾ ਹਾਂ ਖ਼ਾਬ ਮਨ ਵਿਚ ਮੈਂ,
ਉਹ ਖ਼ਾਬ ਬੇਬਸੀ ਮੇਰੀ ਦੇ ਹੀ ਨਿਵਾਲੇ ਹੋਣ।

ਉਦਾਸ ਮਨ ਮਿਰਾ ਅਪਣਾ ਹੈ, ਤਾਰੇ ਇਉਂ ਜਾਪਣ,
ਉਦਾਸ ਰਾਤ ਨੇ ਹੰਝੂ ਜਿਵੇਂ ਸੰਭਾਲੇ ਹੋਣ।

ਜਦੋਂ ਕਦੇ ਵੀ ਤਿਰੀ ਯਾਦ ਮਨ 'ਚ ਆਉਂਦੀ ਹੈ,
ਤਾਂ ਟਹਿਲ ਵਾਸਤੇ ਸੋਚਾਂ ਇਦੁਂ ਦੁਆਲੇ ਹੋਣ।

ਉਨ੍ਹਾਂ ਦੇ ਵਸ 'ਚ ਹੀ ਆਉਂਦੀ, ਗ਼ਜ਼ਲ, ਗ਼ਜ਼ਲ ਪਿੱਛੇ,
ਜਿਨ੍ਹਾਂ ਨੇ ਉਮਰ ਦੇ ਕਿੰਨੇ ਹੀ ਸਾਲ ਗਾਲੇ ਹੋਣ।

ਨਹੀਂ ਹੈ 'ਕਿਸ਼ਨ' ਜ਼ਰੂਰਤ ਉਨ੍ਹਾਂ ਨੂੰ ਰਾਹਬਰ ਦੀ,
ਕਿ ਮੁਸ਼ਕਲਾਂ ਨੇ ਹੀ ਜੀਹਨਾਂ ਨੂੰ ਰਾਹ ਦਿਖਾਲੇ ਹੋਣ।



00

ਤਿਰੇ ਮੁਖ ਤੇ ਬਿਖਰਕੇ ਜਦ ਕਿ ਜ਼ੁਲਫਾਂ ਦੀ ਘਟਾ ਮਹਿਕੇ,
ਨਹਾਤੀ ਜਾਪਦੀ ਖ਼ੁਸ਼ਬੂ 'ਚ ਜੀਕਣ ਇਉਂ ਹਵਾ ਮਹਿਕੇ।

ਕਰਾਂ ਉਸ ਫੁੱਲ ਵਰਗੇ ਮੁੱਖ ਦੀ ਮੈਂ ਕਲਪਣਾ ਜਦ ਵੀ,
ਕਿਵੇਂ ਨਾ ਇਤਰ ਵਰਗਾ ਕੁਛ ਖ਼ਿਆਲਾਂ ਵਿਚ ਭਲਾ ਮਹਿਕੇ।

ਕਿਰਨ ਫਿਰ ਫੁੱਲ ਬੁੱਲਾਂ 'ਚੋਂ ਤੁਸੀਂ ਓਸ ਤਰ੍ਹਾਂ ਹੱਸੋ,
ਕਰੇ ਫਿਰ ਮਹਿਕ ਵਰਗੀ ਬਾਤ ਫਿਰ ਤੋਂ ਇਹ ਫਜ਼ਾ ਮਹਿਕੇ।

ਕਦੇ ਸੀ ਇਸ 'ਚ ਡੁੱਬੀ ਦੋਸਤੋ ਖੁਸ਼ਬੂ ਜਹੀ ਸੂਰਤ,
ਵਫ਼ਾ ਦੀ ਮਹਿਕ ਵਿਚ ਹੁਣ ਤਰ ਬ ਤਰ ਹੋਕੇ ਝਨਾ ਮਹਿਕੇ।

ਤੁਹਾਨੂੰ ਖ਼ੂਬਸੂਰਤ ਜਦ ਕਹਾਂ ਪੁੱਛੋਂ ਨ ਇਹ ਮੈਥੋਂ,
ਹਿਆ ਦੇ ਨਾਲ ਉਸ ਪਲ ਰੂਪ ਕਿੰਨਾ ਆਪਦਾ ਮਹਿਕੇ।

ਨ ਹੋਇਆ ਰੰਜ ਵੀ ਇਨਕਾਰ ਦਾ ਅੰਦਾਜ਼ ਸੀ ਐਸਾ,
ਮਿਰੇ ਦਿਲ ਵਿਚ ਅਜੇ ਮਹਿਕੀ ਜਹੀ ਤੇਰੀ ਅਦਾ ਮਹਿਕੇ।

ਤੁਹਾਡੇ ਸਾਥ ਵਿਚ ਜਿੱਥੇ ਗਿਆ ਹਾਂ 'ਕਿਸ਼ਨ' ਹੁਣ ਤਕ ਵੀ,
ਖ਼ਿਆਲਾਂ ਵਿਚ ਮਿਰੇ ਖ਼ਾਬਾਂ 'ਚ ਰਸਤਾ ਉਹ ਸਦਾ ਮਹਿਕੇ।

00

ਇਸ ਵਾਸਤੇ ਹੀ ਰੱਖਦਾਂ ਦਿਲ ਨੂੰ ਬੁਹਾਰ ਕੇ,
ਆਉਂਦੇ ਖ਼ਿਆਲ ਉਸਦਾ ਸੌ ਰੂਪ ਧਾਰ ਕੇ।

ਅਪਣਾ ਉਨ੍ਹਾਂ ਦੇ ਨਾਲ ਹੈ ਦੱਸ ਤਾਲ ਮੇਲ ਕੀ?
ਰਖਦੇ ਜ਼ਮੀਰ ਆਪਣੀ ਜਿਹੜੇ ਕਿ ਮਾਰਕੇ।

ਰਸਤੇ 'ਚ ਮੁਸ਼ਕਲਾਂ ਮਿਰੇ ਜੇ ਆਉਣ ਗ਼ਮ ਨਹੀਂ,
ਮਿਲਦੀ ਹੈ ਦੋਸਤੋ ਖ਼ੁਸ਼ੀ ਦੁਖੜੇ ਸਹਾਰ ਕੇ।

ਮਹਿਕਣ ਕਿਵੇਂ ਨ ਦੇਰ ਥੀ ਮੇਰੇ ਖ਼ਿਆਲ ਫਿਰ,
ਜਾਂਦੀ ਹੈ ਯਾਦ ਆਪਦੀ ਖ਼ੁਸ਼ਬੂ ਖਿਲਾਰਕੇ।

ਦਿਲ ਰਾਖਵਾਂ ਮੁਹੱਬਤਾਂ ਦੇ ਵਾਸਤੇ ਮਿਰਾ,
ਰੱਖਣੀ ਨ ਦੁਸ਼ਮਣੀ ਕਦੇ ਦਿਲ ਵਿਚ ਚਿਤਾਰਕੇ।

ਅਪਣੀ ਨਿਗ੍ਹਾ ਦੇ ਹੇਠ ਹੀ ਆਇਆ ਨਹੀਂ ਕੁਈ,
ਕਿਸਨੂੰ ਨਿਹਾਰਦੇ ਭਲਾ ਤੈਨੂੰ ਨਿਹਾਰਕੇ।

ਖੋਟੀ ਕਿਸੇ ਨੂੰ ਲੱਗੇ ਭਾਵੇਂ ਖਰੀ ਖਰੀ,
ਪਰ ਕਿਸ਼ਨ ਗੱਲ ਆਪਣੀ ਕਹਿੰਦੇ ਨਿਖਾਰ ਕੇ।



00

ਹੰਝੂ ਹੰਝੂ ਹੋ ਕੇ ਦਰਦ ਬਿਖਰ ਜਾਂਦਾ ਹੈ,
ਜਦ ਵੀ ਨੱਕੋ ਨੱਕੋ ਮਿਰਾ ਮਨ ਭਰ ਜਾਂਦਾ ਹੈ।

ਜਿਹੜਾ ਵੀ ਪਲ ਆਉਂਦੈ ਹਰ ਇਕ ਪਲ ਹੀ ਜੀਕਣ,
ਸੋਚ ਮਿਰੀ ਤੇ ਮਘਦਾ ਕੋਲਾ ਧਰ ਜਾਂਦਾ ਹੈ।

ਦੁੱਖ ਜਦੋਂ ਵੀ ਮੈਂ ਤੇਰੇ ਚਿਹਰੇ ਤੇ ਤੱਕਾਂ,
ਮੇਰੇ ਅੰਦਰ ਕੁਝ ਕੁਝ ਜੀਕਣ ਮਰ ਜਾਂਦਾ ਹੈ।

ਉਹ ਵੀ ਸੂਰਜ ਦੀ ਗੱਲ ਕਰਦੈਂ ਜਿਹੜਾ ਬੰਦਾ,
ਅਪਣੇ ਪਰਛਾਵੇਂ ਕੋਲੋਂ ਵੀ ਡਰ ਜਾਂਦਾ ਹੈ।

ਸੋਚਾਂ, ਫਿਕਰਾਂ ਨਾਲ ਨਿਭੇ ਸੁਹਣੀ ਅਪਣੀ,
ਚਿੰਤਾਂ ਵਿਚ ਘੁਲ ਘੁਲ ਦਿਨ ਰਾਤ ਗੁਜ਼ਰ ਜਾਂਦਾ ਹੈ।

ਸਾਂਭ ਲਵਾਂ ਕਿੰਨਾ ਵੀ ਮੈਂ ਯਾਦਾਂ ਦਾ ਚਾਨਣ,
ਮਨ ਦੀਆਂ ਵਿਰਲਾਂ, ਥਾਣੀਂ ਫਿਰ ਵੀ ਝਰ ਜਾਂਦਾ ਹੈ।

'ਕਿਸ਼ਨ' ਹਰਿੱਕ ਸੁਪਨਾ ਹੀ ਹੁੰਦੈ ਸ਼ੀਸ਼ੇ ਵਰਗਾ,
ਜਦ ਵੀ ਟੁਟਦੈ ਰੂਹ ਨੂੰ ਜ਼ਖਮੀ ਕਰ ਜਾਂਦਾ ਹੈ।

00

ਹੋ ਗਿਆ ਦਿਲ ਕਬਾਬ ਹੋਣਾ ਸੀ,
ਇਸ਼ਕ ਵਿਚ ਇਹ ਜਨਾਬ ਹੋਣਾ ਸੀ।

ਰੂਪ ਰਸ ਨੇ ਸ਼ਬਾਬ ਤੇ ਆਇਆਂ,
ਇਕ ਨ ਇਕ ਦਿਨ ਸ਼ਰਾਬ ਹੋਣਾ ਸੀ।

ਬਖ਼ਸ਼ਣੇ ਸਨ ਤੁਸੀਂ ਅਸਾਂ ਨੂੰ ਗ਼ਮ,
ਇਹ ਤੁਹਾਥੋਂ ਸੁਵਾਬ ਹੋਣਾ ਸੀ।

ਨੈਣ ਭਰਕੇ ਤਿਰੇ ਜਦੋਂ ਛਲਕੇ,
ਕਿਉਂ ਨ ਚਿਹਰਾ ਦੁਆਬ ਹੋਣਾ ਸੀ।

ਇਸ ਲਈ ਮੈਂ ਸਵਾਲ ਨਾ ਪਾਇਆ,
ਆਪ ਵੱਲੋਂ ਜਵਾਬ ਹੋਣਾ ਸੀ।

ਜ਼ਹਿਰ ਘੁਲਦਾ ਨ ਜੇ ਹਵਾਵਾਂ ਵਿਚ,
ਇਉਂ ਨ ਨੀਲਾ ਪੰਜਾਬ ਹੋਣਾ ਸੀ।

ਇਉਂ ਜੋ ਨਖ਼ਰੇ ਤੁਸੀਂ ਦਿਖਾਉਂਦੇ ਸਨ,
'ਕ੍ਰਿਸ਼ਨ' ਜੀ ਤਾਂ ਨਵਾਬ ਹੋਣਾ ਸੀ।



00

ਮਿਟਾ ਦਿੰਦਾ ਗਿਲੇ ਸਾਰੇ, ਤੁਹਾਡਾ ਪੁੱਛਣਾ ਹੀ ਤਾਂ,
ਗਿਲਾ ਤਾਂ ਸੀ ਤੁਹਾਡੇ ਨਾਲ, ਅੰਪਰ ਸੀ ਗਿਲਾ ਹੀ ਤਾਂ।

ਮਿਰੇ ਪੱਲੇ 'ਚ ਕੁਝ ਹੋਵੇ ਨ ਹੋਵੇ ਪਰ ਤਿਰੀ ਖ਼ਾਤਿਰ,
ਮੈਂ ਭਰ ਕੇ ਰੱਖਦਾ ਹਾਂ ਆਪਣੇ ਦਿਲ ਦੀ ਸੁਰਾਹੀ ਤਾਂ।

ਕਹੀਂ ਤੂੰ ਭੇਤ ਸਾਰੇ ਅਪਣਿਆਂ ਨੂੰ ਸੋਚਕੇ ਐ ਦਿਲ,
ਕਿ ਦੇਖੀ ਜਦ ਕੁਈ ਬਣਿਆ, ਬਣੇਗਾ ਆਪਣਾ ਹੀ ਤਾਂ।

ਮਿਰੇ ਰਸਤੇ 'ਚ ਲੱਖਾਂ ਮੁਸ਼ਕਲਾਂ ਵੀ ਆਉਣ, ਟੱਕਰਾਂਗਾ,
ਕਮਾਇਐ ਜ਼ਿੰਦਗੀ ਵਿਚ ਕੁਝ, ਕਮਾਇਆ ਹੌਸਲਾ ਹੀ ਤਾਂ।

ਤਿਰੀ ਆਲੋਚਨਾ ਖ਼ਾਤਿਰ ਨਹੀਂ ਆਲੋਚਨਾ ਕੀਤੀ,
ਓ ਬੀਬਾ ਦਿਲ 'ਚ ਤਾਂ ਮੈਂ ਲੋਚਦਾਂ ਤੇਰਾ ਭਲਾ ਹੀ ਤਾਂ।

ਕਰੋ ਉਪਚਾਰ, ਕੁਝ ਚਾਰਾ ਕਰੋ; ਸੋਚੋ, ਬਦਲ ਦੇਵੋ,
ਨਹੀਂ ਹਾਲਾਤ ਤੇ ਕਾਫ਼ੀ ਨਹੀਂ ਹੈ ਤਬਸਰਾ ਹੀ ਤਾਂ।

ਅਵੇੜਾ ਸੀ ਬਹੁਤ ਪਰ ਮੁਸ਼ਕਲਾਂ ਗੁਣੀਏ 'ਚ ਕਰ ਦਿੱਤੇ,
ਰਹੀ ਜੋ 'ਕ੍ਰਿਸ਼ਨ' ਦੇ ਸਿਰ ਤੇ ਪਈ ਉਹ ਸੁਧਰਿਆ ਹੀ ਤਾਂ।

00

ਹੀਰੇ ਨੂੰ ਇੱਕ ਜੌਹਰੀ, ਜਿਉਂ ਦੇਖਦਾ, ਪਰਖਦਾ,
ਹਰ ਇਮਤਿਹਾਨ ਮੇਰਾ, ਇਉਂ ਹੌਸਲਾ ਪਰਖਦਾ।

ਰੱਖੀਂ ਕਦਮ ਸਬੂਤੇ, ਦੇਖੀਂ ਨ ਡੋਲ ਜਾਵੀਂ,
ਹਰ ਆਪਣਾ ਪਰਾਇਆ, ਤੈਨੂੰ ਮਨਾ ਪਰਖਦਾ।

ਹੁਣ ਕੀ ਵਿਗਾੜ ਸਕਦੀ, ਮੇਰਾ ਕੁਈ ਮੁਸੀਬਤ,
ਮੈਂ ਤਾਂ ਗੁਜ਼ਾਰਿਆ ਹੈ, ਪਲ ਪਲ ਸਦਾ ਪਰਖਦਾ।

ਤੇਰਾ ਕਸੂਰ ਕਦ ਹੈ, ਇਹ ਤਾਂ ਮਿਰੀ ਖ਼ਤਾ ਹੈ,
ਖਾਂਦਾ ਫ਼ਰੇਬ ਕਦ ਮੈਂ, ਤੈਨੂੰ ਜ਼ਰਾ ਪਰਖਦਾ।

ਇਕ ਉਮਰ ਚੀਜ਼ ਕੀ ਹੈ, ਯੁੱਗਾਂ ਉਡੀਕਦਾ ਮੈਂ,
ਓ ਜੀਣ ਜੋਗਿਆ ਤੂੰ, ਜੇਰਾ ਮਿਰਾ ਪਰਖਦਾ।

ਉਹ ਬੇਵਫ਼ਾ, ਵਫ਼ਾ ਦੀ, ਜਾਣੇ ਨ ਕਦਰ ਕੋਈ,
ਫਿਰ ਕਿਸ ਤਰ੍ਹਾਂ ਮਨਾ ਉਹ, ਤੇਰੀ ਵਫ਼ਾ ਪਰਖਦਾ।

ਮਤਲਬ ਪ੍ਰਸਤ ਦੁਨੀਆਂ, ਹੁਣ ਕੌਣ 'ਕਿਸ਼ਨ' ਵਾਂਗੂੰ,
ਹੈ ਮੀਨ ਮੇਖ ਕਢਦਾ, ਖੋਟਾ ਖਰਾ ਪਰਖਦਾ।



00

ਦਿਲ ਪਸੀਜ ਹੀ ਜਾਂਦੈ, ਦਿਲ ਤੇ ਵਸ ਨ ਮੇਰਾ ਹੈ,
ਹਾਂ ਕਠੋਰ ਚਿਤ ਹੋਣਾ, ਇਹ ਤਿਰਾ ਹੀ ਜੇਰਾ ਹੈ।

ਨਾ ਖ਼ੁਸ਼ੀ ਸਰੀ ਤਾਂ ਕੀ, ਏਸਦਾ ਨ ਝੇਰਾ ਕਰ,
ਬਖ਼ਸ਼ਿਐ ਜੁ ਤੂੰ ਮੈਨੂੰ, ਦਰਦ ਹੀ ਬਥੇਰਾ ਹੈ।

ਇਸ 'ਚ ਦੋਸ਼ ਤੇਰਾ ਨਹੀਂ, ਤੂੰ ਇਵੇਂ ਹੀ ਕਰਨੀ ਸੀ,
ਮੈਂ ਯਕੀਨ ਕੀਤਾ ਹੈ, ਇਹ ਕਸੂਰ ਮੇਰਾ ਹੈ।

ਇਹ ਕਮਾਲ ਹੋਇਆ ਹੈ, ਮੁਸ਼ਕਲਾਂ ਦੇ ਸਦਕੇ ਹੀ,
ਦੋਸਤੋ ਮਿਰਾ ਅਨੁਭਵ, ਉਮਰ ਤੋਂ ਵਡੇਰਾ ਹੈ।

ਦਿਨ ਤੇ ਰਾਤ ਮਿਲਦੇ ਜਿਉਂ, ਕੇਸ ਇਉਂ ਖਿਲਾਰੇ ਤੂੰ,
ਇਕ ਤਰਫ਼ ਹਨੇਰਾ ਹੈ, ਇੱਕ ਤਰਫ਼ ਸਵੇਰਾ ਹੈ।

ਇਹ ਤਿਰਾ ਮਿਰਾ ਰਿਸ਼ਤਾ, ਤੂੰ ਲੁਕਾ ਸਕੇਂ ਜੱਗ ਤੋਂ?
ਹੋਰ ਕੀ ਕਹਾਂ ਤੈਨੂੰ, ਸਿਰਫ ਵਹਿਮ ਤੇਰਾ ਹੈ।

ਰੂਪ ਦਾ ਸ਼ੁਦਾਈ ਉਹ, ਸਾਦਗੀ ਤੇ ਮਰ ਜਾਵੇ,
'ਕਿਸ਼ਨ' ਰੰਗ ਰਸੀਆ ਤਾਂ, ਸੁਹਜ ਦਾ ਚਿਤੇਰਾ ਹੈ।

00

ਜੁ ਸੁਪਨਾ ਹੋ ਗਏ ਨੇ, ਮਾਣਦਾਂ ਉਹਨਾਂ ਪਲਾਂ ਨੂੰ,
ਜਦੋਂ ਵੀ ਫੋਲ ਬਹਿੰਦਾ ਹਾਂ ਕਦੇ ਉਸਦੇ ਖ਼ਤਾਂ ਨੂੰ।

ਅਸੀਂ ਕੈਸੇ ਘ੍ਰਿਸਤੀ ਹਾਂ, ਅਸੀਂ ਕੈਸੇ ਤਿਆਗੀ,
ਨ ਅਪਣਾ ਹੀ ਸਕੇ ਹਾਂ, ਤੇ ਨ ਠੁਕਰਾ ਹੀ ਘਰਾਂ ਨੂੰ।

ਤੁਸੀਂ ਸੱਭਿਅਕ ਹੋ ਬਦਨਾਂ ਦਾ ਹੀ ਕਲਚਰ ਜਾਣਦੇ ਹੋ,
ਅਸਭਿਅਕ ਹਾਂ ਅਸੀਂ ਤਰਜ਼ੀਹ ਜੁ ਦੇਂਦੇ ਹਾਂ ਮਨਾਂ ਨੂੰ।

ਤਿਰੀ ਖ਼ਾਤਿਰ ਇਹੋ ਚੰਗੇ, ਭਰਮ ਬਣਿਆ ਰਹੇ ਕੁਝ,
ਨ ਅਪਣੇ ਹੋਣਗੇ ਸਾਬਤ, ਨ ਪਰਖੀਂ ਅਪਣਿਆਂ ਨੂੰ।

ਹਰਿਕ ਰਿਸ਼ਤਾ ਨਜ਼ਰ ਆਵੇ ਉਨ੍ਹਾਂ ਨੂੰ ਕਿਉਂ ਨ ਮੈਲਾ,
ਜੁ ਮੈਲੀ ਅੱਖ ਰਾਹੀਂ ਵੇਖਦੇ ਨੇ ਰਿਸ਼ਤਿਆਂ ਨੂੰ।

ਗੁਆ ਬੈਠੇ ਬਹੁਤ ਕੁਝ ਜਦ, ਤਾਂ ਏਨਾ ਭੇਤ ਖੁੱਲਿਆ,
ਕਿ ਭੁਲਕੇ ਚੁਣ ਲਿਐ ਰਾਹਬਰ ਅਸੀਂ ਤਾਂ, ਰਾਹਜ਼ਨਾਂ ਨੂੰ।

ਤੂੰ ਭੋਲਾ ਬਾਦਸ਼ਾਹ ਹੈ ਤੂੰ ਸਦਾ ਭੋਲਾ ਹੀ ਰਹਿਣੈ,
ਸਮਝਣਾ 'ਕਿਸ਼ਨ' ਕੀ ਤੂੰ ਹੁਣ ਜ਼ਮਾਨੇ ਦੇ ਛਲਾਂ ਨੂੰ।



00

ਹੋਰੂੰ ਹੋਰ ਜ਼ਮਾਨਾ ਲਗਦੈ,
ਅਪਣਾ ਸ਼ਹਿਰ ਬਗਾਨਾ ਲਗਦੈ।

ਏਥੇ ਹਉਕੇ ਤੇ ਵੀ ਟੈਕਸ,
ਬੋਲਣ ਤੇ ਜ਼ਰਮਾਨਾ ਲਗਦੈ।

ਦੁੱਖਾਂ ਨਾਲ ਸਕੀਰੀ ਸਾਡੀ.
ਹੰਝੂਆਂ ਨਾਲ ਯਰਾਨਾ ਲਗਦੈ।

ਛਲਕਣ ਤੇ ਹੈ ਸਬਰ ਮਿਰਾ ਹੁਣ,
ਭਰ ਚੁਕਿਆ ਪੈਮਾਨਾ ਲਗਦੈ।

'ਕਿਸ਼ਨ' ਖ਼ਰੇ ਵਿੱਚੋਂ ਕੀ ਹੋਵੇ,
ਦੇਖਣ ਨੂੰ ਤਾਂ ਦਾਨਾ ਲਗਦੈ।

00

ਗੱਲ ਕੁਝ ਇਸ ਤਰ੍ਹਾਂ ਕਹੀ ਜਾਵੇ,
ਦਿਲ 'ਚ ਬਸ ਉਤਰਦੀ ਚਲੀ ਜਾਵੇ।

ਜਦ ਵੀ ਛੋਹੇ ਸਮੀਰ ਦਾ ਬੁੱਲਾ,
ਇੱਕ ਮਸਤੀ 'ਚ ਡਾਲ ਝੂੰਮਦੀ ਜਾਵੇ।

ਜੋ ਕਲੀ ਹੋ ਸਕੀ ਨਹੀਂ ਅਪਣੀ,
ਕਿਉਂ ਖ਼ਿਆਲਾਂ 'ਚ ਮਹਿਕਦੀ ਜਾਵੇ।

ਖ਼ੁਸ਼ਕ ਹੋ ਜਾਣ ਫਿਰ ਕਿਵੇਂ ਅੱਖਾਂ,
ਜਦ ਕਿ ਮਨ ਆਪਣਾ ਭਰੀ ਜਾਵੇ।

ਮਨ 'ਚ ਉਸਦੇ ਖ਼ਿਆਲ ਦੀ ਤਿਤਲੀ,
ਉਡ ਰਹੀ ਹੈ ਕਿਵੇਂ ਫੜੀ ਜਾਵੇ?

ਗੱਲ ਕੁਝ ਦਿਲ 'ਚ ਹੈ ਤਿਰੇ ਵਰਨਾ,
ਤੇਰੀ ਕੋਠੀ ਨ ਧੜਕਦੀ ਜਾਵੇ।

ਔਂਤਰਾ ਰੋਜ਼ ਫੋਲਦੈਂ ਪਰਦੇ,
'ਕਿਸ਼ਨ' ਦੀ ਵੀ ਖ਼ਬਰ ਲਈ ਜਾਵੇ।



,00

ਮਨਾ ਤੂੰ ਭਾਫ ਨਾ ਕੱਢ, ਮਨ 'ਚ ਇਸਨੂੰ ਮਾਰ ਕਿਵੇਂ,
ਕਿ ਅਪਣੀ ਪੀੜ ਦਾ ਬਣਜਾਂ ਮੈਂ ਇਸ਼ਤਿਹਾਰ ਕਿਵੇਂ?

ਮਿਰੇ ਤਾਂ ਸਾਥ ਹੈ, ਮਨ ਦਾ ਹੀ ਸਾਥ, ਲੈ ਦੇਖ,
ਕਹੇਂ ਤੂੰ ਮਾਰ ਲੈ ਮਨ, ਮਨ ਲਵਾਂ ਮੈਂ ਮਾਰ ਕਿਵੇਂ?

ਮੈਂ ਪਹਿਲੇ ਮਿਲਣ ਦੇ ਚੰਤੇ 'ਚ ਨਕਸ਼ ਸਾਂਭੇ ਨੇ,
ਤੂੰ ਦੇਖ ਵਕਤ ਵੀ ਮੈਂ ਤਾਂ ਲਿਐ ਖਲ੍ਹਾਰ ਕਿਵੇਂ?

ਰੰਹੀ ਹੈ ਯਾਦ ਬਸ ਏਨੀ, ਘੁਲੀ ਮਹਿਕ ਸਾਹੀਂ,
ਨ ਏਨਾ ਯਾਦ ਕਿ ਹੋਏ ਸੀ ਨੈਣ ਚਾਰ ਕਿਵੇਂ?

ਜੁ ਮਨ 'ਚ ਖੌਲਦਾ ਲਾਵਾ ਜਿਹਾ ਕਿਵੇਂ ਨਿਕਲੇ,
ਲਵੇ ਇਹ ਅੱਚਵੀ ਸ਼ਬਦਾਂ ਦਾ ਰੂਪ ਧਾਰ ਕਿਵੇਂ?

ਤਿਰਾ ਖ਼ਿਆਲ ਮਿਰੀ ਸੋਚ 'ਤੇ ਦਵੇ ਦਸਤਕ,
ਕਿ ਜਲ-ਤਰੰਗ ਇਹ ਵਜਦਾ ਹੈ ਵਾਰ ਵਾਰ ਕਿਵੇਂ?

ਇਦ੍ਹੀ ਹੀ ਦੇਣ, ਜ਼ਮਾਨਾ ਫ਼ਰੇਬ ਨਾ ਦਿੰਦਾ,
ਮਨਾ ਓ ਭੋਲਿਆ ਹੁੰਦਾ ਤੂੰ ਹੋਸ਼ਿਆਰ ਕਿਵੇਂ?

ਰੁਕਾਵਟਾਂ ਹੀ ਨ ਹੁੰਦੀਆਂ, ਕਿਤੇ ਜੇ ਜੀਵਨ ਵਿਚ,
ਮੈਂ ਅਪਣੇ ਆਪ ਨੂੰ ਲੈਂਦਾ ਭਲਾ ਉਭਾਰ ਕਿਵੇਂ?

ਪਤਾ ਨਹੀਂ ਸੀ ਵਿਗੋਚਾ ਵੀ ਦੇਣਗੇ ਮੈਨੂੰ,
ਬਗੈਰ ਅੱਥਰੂ ਲੱਥੇ ਇਹ ਮਨ ਦਾ ਭਾਰ ਕਿਵੇਂ?

ਰੁਕੇ ਪਏ ਸੀ ਕਿਤੇ ਮਨ 'ਚ, ਕਹਿਣ ਲੱਗਿਆਂ ਤਾਂ,
ਕਤਾਰ ਬੰਨ੍ਹਕੇ ਆਉਂਦੇ ਪਏ ਵਿਚਾਰ ਕਿਵੇਂ?

ਗ਼ਜ਼ਲ ਦਾ ਆਪਣਾ ਅੰਦਾਜ਼ 'ਕਿਸ਼ਨ' ਹੈ ਤੇਰਾ,
ਕਿਸੇ ਦਾ ਪਹਿਨ ਤੂੰ ਸਕਦੈਂ ਭਲਾ ਉਤਾਰ ਕਿਵੇਂ?

00

ਇੰਝ ਹੀ ਸੋਚਾਂ 'ਚ ਅਪਣਾ ਰੋਜ਼ ਢਲ ਜਾਂਦਾ ਹੈ ਦਿਨ,
ਰੇਤ ਵਾਂਗੂੰ ਉਮਰ ਦੇ ਹੱਥੋਂ ਨਿਕਲ ਜਾਂਦਾ ਹੈ ਦਿਨ।

ਉਹ ਵੀ ਪਲ ਆਉਂਦੇ ਕਿ ਪਲ ਪਲ ਜਾਪਦਾ ਹੈ ਦਿਨ ਜਿਵੇਂ,
ਉਹ ਵੀ ਦਿਨ ਆਉਂਦੇ ਕਿ ਇਕ ਪਲ ਵਿਚ ਬਦਲ ਜਾਂਦਾ ਹੈ ਦਿਨ।

ਆਪਣੀ ਹੀ ਰਾਖ 'ਚੋਂ ਜਨਮੇਂ ਸੁਭਾ ਕੁਕਨੂਸ ਵਾਂਗ,
ਆਪਣੀ ਹੀ ਅੱਗ ਵਿਚ ਹਰ ਸ਼ਾਮ ਜਲ ਜਾਂਦਾ ਹੈ ਦਿਨ।

ਆਪਣੀ ਮੁੱਠੀ 'ਚ ਬੰਦ ਕਰਨਾ ਤਾਂ ਇਸਨੂੰ ਲੋਚਦੇ,
ਪਰ ਛਲੇਡੇ ਵਾਂਗ ਸਾਨੂੰ ਰੋਜ਼ ਛਲ ਜਾਂਦਾ ਹੈ ਦਿਨ।

ਕੇਰਕੇ ਕੁਝ ਅੱਥਰੂ ਮਨ ਇਸ ਤਰ੍ਹਾਂ ਦਾ ਜਾਪਦੈ,
ਤੇਜ਼ ਝੱਖੜ ਝੁੱਲਕੇ ਜੀਕਰ ਨਿਮਲ ਜਾਂਦਾ ਹੈ ਦਿਨ।

ਏਸ ਦਾ ਚਿਹਰਾ ਸੰਧੂਰੀ ਹੋ ਰਿਹਾ ਹੈ ਦਿਨ ਢਲੇ,
ਏਸਦੀ ਮਹਿਬੂਬ ਹੈ ਜੋ ਰਾਤ ਵਲ ਜਾਂਦਾ ਹੈ ਦਿਨ।

'ਕਿਸ਼ਨ' ਅਪਣੀ ਸਫਲਤਾ ਦਾ ਰਾਜ਼ ਬਸ ਇੱਕੋ ਹੀ ਹੈ,
ਜੇਸ ਦਿਨ ਮੁਖੜਾ ਤਿਰਾ ਦੇਖਾਂ ਸਫ਼ਲ ਜਾਂਦਾ ਹੈ ਦਿਨ।



00

ਸਮਝਦਾਂ ਹਾਂ ਤਿਰੇ ਦਿਲ ਤੇ ਬਣੀ ਮਹਿਸੂਸ ਹੁੰਦੀ ਹੈ,
ਮਿਰਾ ਦਿਲ ਰੱਖਦੈਂ, ਕਹਿਨੈਂ, ਖ਼ੁਸ਼ੀ ਮਹਿਸੂਸ ਹੁੰਦੀ ਹੈ।

ਸੰਵੇਦਨਸ਼ੀਲ ਮਨ ਹੋਵੇ ਨ ਏਨਾ ਵੀ, ਜ਼ਰਾ ਜਿੰਨੀ,
ਖ਼ੁਸ਼ੀ ਮਹਿਸੂਸ ਹੁੰਦੀ ਹੈ, ਗ਼ਮੀ ਮਹਿਸੂਸ ਹੁੰਦੀ ਹੈ।

ਨ ਦਿਲ ਵਿਚ ਰੱਖ ਸਕਦੇ ਹਾਂ, ਇਹੋ ਤਾਂ ਬੇਬਸੀ ਅਪਣੀ,
ਤੇ ਦਿਲ ਦੀ ਕਹਿਣ ਵਿਚ ਵੀ ਬੇਬਸੀ ਮਹਿਸੂਸ ਹੁੰਦੀ ਹੈ।

ਸਫ਼ਾਈ ਕਾਸਦੀ ਦੇਵੇਂ ਜੁ ਤਿਹੁ ਏਨਾ ਜਤਾਵੇਂ ਤੂੰ,
ਤਿਰੇ ਵਿਸ਼ਵਾਸ ਵਿਚ ਕੋਈ ਕਮੀ ਮਹਿਸੂਸ ਹੁੰਦੀ ਹੈ।

ਤਿਰੀ ਅਪਣੱਤ ਦਾ ਹੀ ਇਹ ਕਰਿਸ਼ਮਾ ਹੈ ਕਿ ਹੁਣ ਮੈਨੂੰ,
ਜ਼ਮਾਨੇ ਦੀ ਹਰਿਕ ਸ਼ੈ ਆਪਣੀ ਮਹਿਸੂਸ ਹੁੰਦੀ ਹੈ।

ਸਲੀਕਾ ਹੈ ਕਿਸੇ ਦੀ ਦੁਸ਼ਮਣੀ ਵਿਚ ਦੋਸਤੀ ਵਰਗਾ,
ਕਿਸੇ ਦੀ ਦੋਸਤੀ ਵੀ ਦੁਸ਼ਮਣੀ ਮਹਿਸੂਸ ਹੁੰਦੀ ਹੈ।

ਲਿਆ ਹੈ 'ਕਿਸ਼ਨ' ਉਹਨਾਂ ਇਸ ਨਜ਼ਾਕਤ ਨਾਲ ਤੇਰਾ ਨਾਂ,
ਅਜੇ ਖ਼ੁਸ਼ਬੂ ਜਹੀ ਵਾ ਵਿਚ ਰਚੀ ਮਹਿਸੂਸ ਹੁੰਦੀ ਹੈ।

00

ਹੰਭ ਗਿਐ ਦਿਲ ਗਲ ਘੁਟ ਘੁਟਕੇ ਲੋੜਾਂ ਦਾ,
ਚੜ੍ਹਿਆ ਰਹਿੰਦੈ ਤਾਪ ਸਦਾ ਹੀ ਥੋੜਾਂ ਦਾ।

ਇਸ ਰੁੱਖ ਦਾ ਹੁਣ ਪਲ ਭਰ ਦਾ ਭਰਵਾਸਾ ਨਾ,
ਇਹ ਖਾਧਾ ਹੋਇਆ ਹੈ ਵਿੱਚੋਂ ਖੋੜਾਂ ਦਾ।

ਨਿਰਧਨ ਤੇ ਪੈਸੇ ਵਾਲੇ ਦੀ ਕਦ ਨਿਭਦੀ,
ਸੰਭਵ ਹੁੰਦੈ ਜੋੜ ਕਦੋਂ ਅਣਜੋੜਾਂ ਦਾ।

ਸਾਰਾ ਜੀਵਨ ਭਟਕਣ ਵਿਚ ਹੀ ਮੁੱਕ ਜਾਣੈ,
ਲੋਕੀ ਕਹਿੰਦੇ ਜਿਸਨੂੰ ਲੱਖ ਕਰੋੜਾਂ ਦਾ।

'ਕਿਸ਼ਨ' ਉਦੋਂ ਤਕ ਜ਼ਖ਼ਮੀ ਹੁੰਦੇ ਰਹਿਣ ਪੈਰ,
ਕੁਟਿਆ ਜਾਂਦਾ ਸਿਰ ਨਾ ਜਦ ਤਕ ਰੋੜਾਂ ਦਾ।



00

ਦਰਦ ਦੀ ਚੜ੍ਹਦੀ ਘਟਾ. ਅੱਖਾਂ ਚੋਂ ਸਾਵਣ ਬਰਸਦਾ ਹੈ.
ਧਰਤ ਨਮ ਹੁੰਦੀ ਹੈ ਮਨ ਦੀ. ਗੀਤ ਕੋਈ ਉਗਮਦਾ ਹੈ।

ਜਾਪਦੈ ਖਿੜਿਆ ਚੁਫੇਰਾ, ਆਪਣੇ ਜੇ ਮਨ 'ਚ ਖੇੜਾ,
ਮਨ 'ਚ ਜੇ ਹੋਵੇ ਉਦਾਸੀ ਰੋ ਰਿਹਾ ਦਿਨ ਜਾਪਦਾ ਹੈ।

ਕੀ ਪਤੈ ਕਿੰਨੇ ਕੁ ਝੜਦੇ ਮੇਰੀਆਂ ਅੱਖਾਂ 'ਚੋਂ ਤਾਰੇ,
ਜਦ ਕਦੇ ਵੀ ਆਸ ਮੇਰੀ ਦਾ ਸਿਤਾਰਾ ਟੁੱਟਦਾ ਹੈ।

ਓਸ ਪਲ ਹੀ ਮਹਿਕ ਉਠਦੀ ਹੈ ਮਿਰੇ ਦਿਲ ਦੀ ਅਬਾਦੀ,
ਜਦ ਖ਼ਿਆਲਾਂ ਵਿੱਚ ਮੇਰੇ. ਰੂਪ ਤੇਰਾ ਮਹਿਕਦਾ ਹੈ।

ਪਾ ਦਵੇ ਸੀਨੇ 'ਚ ਠੰਢਕ ਦੇਖ ਲਾਂ ਮੈਂ 'ਕਿਸ਼ਨ' ਜਦ ਵੀ,
ਮੁੱਖ ਉਹਨਾਂ ਦਾ ਜਿਵੇਂ ਤਾਰਾ ਸੁਭਾ ਦਾ ਡਲ੍ਹਕਦਾ ਹੈ।

00

ਵਕਤ ਦਾ ਕਹਿਰ ਹਰਿਕ, ਸਿਰ ਤੇ ਜੁ ਝੱਲ ਜਾਂਦੇ ਨੇ,
ਹਾਂ ਸੰਭਲਦੇ ਹੀ ਸੰਭਲਦੇ ਉਹ ਸੰਭਲ ਜਾਂਦੇ ਨੇ।

ਮੇਰੇ ਹਮਦਰਦ ਮਿਰਾ ਫ਼ਿਕਰ ਨ ਕਰ ਤੂੰ ਬਹੁਤਾ,
ਜਾਂਦੇ ਜਾਂਦੇ ਹੀ ਤਾਂ ਸੀਨੇ ਦੇ ਇਹ ਸੱਲ ਜਾਂਦੇ ਨੇ।

ਤੂੰ ਨ ਹਾਲਾਤ ਡਰੇਂ ਦਿਲ ਹੀ ਕਿਤੇ ਛੱਡ ਬਹੀਂ,
ਦੇਖਦੇ ਦੇਖਦੇ ਹਾਲਾਤ ਬਦਲ ਜਾਂਦੇ ਨੇ।

ਰੁੱਤ ਪੀੜਾਂ ਦੀ ਹੈ ਪਲਕਾਂ 'ਤੇ ਵੀ ਹੰਝੂ ਪਲਮਣ,
ਹਾਂ ਬਹਾਰਾਂ 'ਚ ਸਭੇ ਬਿਰਖ ਹੀ ਫਲ ਜਾਂਦੇ ਨੇ।

ਲੂਣ ਦੀ ਖਾਣ 'ਚ ਤੂੰ ਲੂਣ ਨ ਹੋਵੀਂ, ਸੋਚੀਂ,
ਜੋ ਨ ਖ਼ੁਦ ਸੋਚ ਸਕਣ ਭੀੜ 'ਚ ਰਲ ਜਾਂਦੇ ਨੇ।

ਜਾਣ ਬੁੱਝਕੇ ਨ ਮਨਾ ਪਾਲ ਤੂੰ ਮਨ ਦੇ ਰਿਸ਼ਤੇ,
ਨਾਲ ਇਹਨਾਂ ਦੇ ਤਾਂ ਸੌ ਦਰਦ ਵੀ ਪਲ ਜਾਂਦੇ ਨੇ।

ਜ਼ਬਤ ਰਖਦਾ ਹਾਂ ਬਹੁਤ ਦਿਲ 'ਤੇ ਮੈਂ ਅਪਣੇ ਉਂਝ ਤਾਂ,
ਦਿਲ ਦਾ ਇਤਬਾਰ ਕੀ ਜਜ਼ਬਾਤ ਮਚਲ ਜਾਂਦੇ ਨੇ।

ਨਿਤ ਨਵਾਂ ਜ਼ਖ਼ਮ ਹੀ ਦੇ ਜਾਣ ਇਹ ਉਮਰ ਦੇ ਦਿਨ,
ਨਿਤ ਨਵੀਂ ਪੀੜ ਦਾ ਇਕ ਵਰਕ ਉਥੱਲ ਜਾਂਦੇ ਨੇ।

ਇਹ ਕਿਤੇ ਮਾਰ ਹੀ ਦੇਵਣ ਨ ਮਿਰੀ ਜਗਿਆਸਾ,
ਜਾਣ ਦੇਵੋ ਜੁ ਮਿਰੇ ਚੈਨ ਦੇ ਪਲ ਜਾਂਦੇ ਨੇ।

'ਕਿਸ਼ਨ' ਗ਼ਮ, ਦਰਦ, ਤੜਪ, ਹੂਕ, ਗਿਲਾ, ਰੋਹ, ਦੁਖ, ਸੁਖ,
ਇਹ ਸੁਤੇ ਸਿਧ ਹੀ ਤਿਰੇ ਸ਼ਿਅਰ 'ਚ ਢਲ ਜਾਂਦੇ ਨੇ।



010

ਅੱਖਾਂ 'ਚ ਇਕ ਨਸ਼ਾ ਜੁ ਤਾਰੀ ਸਵੇਰ ਤਕ,
ਖ਼ਾਬਾਂ 'ਚ ਮਹਿਕਿਆ ਹੈ ਘੇੜਾ ਰੂਪ ਦੇਰ ਤਕ।

ਉਸ ਦਰਦ ਤੋਂ ਕਦੇ ਵੀ ਨ ਰਾਹਤ ਮਿਲੀ ਜ਼ਰਾ,
ਦਿਲ ਵਿਚ ਹੀ ਸਿਲ ਜੁ ਹੋ ਗਿਆ ਪੁੱਜਾ ਨ ਲੇਰ ਤਕ।
SS I SISI I SSI SI S
ਏਨਾ ਕੁ ਫ਼ਾਸਲਾ ਰਹੇ, ਏਨੀ ਕੁ ਨੇੜਤਾ,
ਪਹੁੰਚੇ ਨ ਬਾਤ ਅਪਣੀ ਕਦੀ ਮੇਰ ਤੇਰ ਤਕ।

ਜੁਗਨੂੰ ਚਮਕ ਪਵੇ ਤਾਂ ਮੈਂ ਸੂਰਜ ਸਮਝ ਲਵਾਂ,
ਖਾਣੇ ਫ਼ਰੇਬ ਖ਼ਬਰੇ ਮੈਂ ਕਿੰਨੀ ਕੁ ਦੇਰ ਤਕ।

ਕੰਨਾਂ 'ਚ ਗੂੰਜ ਉਠਦੇ ਤਰੰਨਮ ਜਿਵੇਂ ਮਿਰੇ,
ਵੰਝਲੀ ਦਾ ਸੁਰ ਕਿ ਤੇਰਾ, ਰਹੇ ਵਹਿਮ ਦੇਰ ਤਕ।

ਮਹਿਕੀ ਹੈ ਜਜ਼ਬਿਆਂ 'ਚ ਤੇ ਸ਼ਿਅਰਾਂ 'ਚ ਢਲ ਗਈ,
ਮਹਿਦੂਦ ਯਾਦ ਤੇਰੀ ਨ ਮਨ ਦੀ ਚੰਗੇਰ ਤਕ।

ਸਿਰ ਤੇ ਜਦੋਂ ਵੀ 'ਕਿਸ਼ਨ' ਦੇ ਪਈਆਂ ਮੁਸੀਬਤਾਂ,
ਫ਼ੁਰਨੇ ਨ ਨਾਜ਼ ਨਖ਼ਰੇ, ਨ ਰਹਿਣੀ ਘੁਮੇਰ ਤਕ।

00

ਹੈ ਗ਼ਮ ਏਹੋ ਕਿ ਇਕ ਸੁਪਨਾ ਜਦੋਂ ਅੱਖਾਂ 'ਚ ਮਰ ਜਾਵੇ,
ਹਕੀਕਤ ਵਿਚ ਉਹ ਸੈਆਂ ਸੁਪਨਿਆਂ ਦਾ ਘਾਣ ਕਰ ਜਾਵੇ।

ਮਿਲੇ ਤੇਰੀ ਨਜ਼ਰ ਦੇ ਨਾਲ ਜਿਸਦੀ ਵੀ ਨਜ਼ਰ ਕਰਾਂ,
ਨ ਕਿਉਂ ਦਿਲ ਆਪਣਾ ਤੇਰੀ ਨਜ਼ਰ ਦੇ ਨਜ਼ਰ ਕਰ ਜਾਵੇ।

ਮੈਂ ਪੁਛਦਾ ਹਾਂ, ਹਵਸ ਕਿਸਦੀ ਦਾ ਇਹ ਬਾਲਣ ਬਣੀ ਹੋਈ,
ਇਹ ਬਸਤੀ ਧੁਖ ਰਹੀ ਸਾਰੀ ਹੀ ਜਿੱਥੇ ਤਕ ਨਜ਼ਰ ਜਾਵੇ।

ਘਟਾ ਦੇ ਵਾਂਗ ਕਰਦੀ ਚੁਹਲ ਚੰਨ ਮੁਖੜੇ ਤੇ ਲਿਟ ਤੇਰੀ,
ਬਿਖਰ ਜਾਵੇ, ਸੰਵਰ ਜਾਵੇ, ਸੰਵਰ ਜਾਵੇ, ਬਿਖਰ ਜਾਵੇ।

ਮੈਂ ਅਪਣੇ ਵਾਂਗ ਖ਼ਸਤਾ ਹਾਲ ਦੇਖਾਂ ਜਦ ਕਿਸੇ ਨੂੰ ਤਾਂ,
ਉਦੋਂ ਹੀ ਹਾਦਸਾ ਇਕ ਜਾਨ ਮੇਰੀ ਤੇ ਗੁਜ਼ਰ ਜਾਵੇ।

ਬਹੁਤ ਹੀ ਬਾ ਖ਼ਬਰ ਹੋ ਕੇ ਉਹ ਏਨਾ ਬੇਖ਼ਬਰ ਹੋਇਐ,
ਅਜੇਹੇ ਬੇਖ਼ਬਰ ਨੂੰ ਕਿਸ ਤਰ੍ਹਾਂ ਅਪਣੀ ਖ਼ਬਰ ਜਾਵੇ।

ਰਹੇ ਨੇ ਤੋੜਦੇ ਹਾਲਾਤ ਉਸਨੂੰ ਜ਼ਿੰਦਗੀ ਨਾਲੋਂ,
ਗ਼ਜ਼ਲ ਰੱਖੇ ਨ ਜ਼ਿੰਦਾ ਤਾਂ ਤੁਹਾਡਾ 'ਕਿਸ਼ਨ' ਮਰ ਜਾਵੇ।



00

ਕਿਸ ਅਦਾ ਨਾਲ ਚਾਲ ਕਰਦੇ ਹੋ,
ਪਾਤਸ਼ਾਹੋ ਕਮਾਲ ਕਰਦੇ ਹੋ।

ਖ਼ੈਰ ਹੋਵੇ ਦਿਆਲ ਹੋ ਅਜ ਕਲ,
ਖ਼ੂਬ ਮੇਰਾ ਖ਼ਿਆਲ ਕਰਦੇ ਹੋ।

ਫ਼ਿਕਰ ਕਰ ਕਰ ਤੁਸੀਂ ਮਿਰਾ ਏਨਾ,
ਜੀਣ ਕਾਹਤੋਂ ਮੁਹਾਲ ਕਰਦੇ ਹੋ।

ਜੋ ਤੁਹਾਡੇ ਮਨੋ ਲਹੇ ਕੇਰਾਂ,
ਉਸਨੂੰ ਕਦ ਬਹਾਲ ਕਰਦੇ ਹੋ।

ਮਾਰ ਸੁਟਦੇ ਨਜ਼ਰ ਨਜ਼ਰ ਵਿਚ ਹੀ,
ਇਕ ਨਜ਼ਰ ਵਿਚ ਨਿਹਾਲ ਕਰਦੇ ਹੋ।

ਦੁਸ਼ਮਣੀ ਵੀ ਤੁਸੀਂ ਕਰੋਂ ਜੇਕਰ,
ਤਾਂ ਬੜੇ ਪਿਆਰ ਨਾਲ ਕਰਦੇ ਹੋ।

ਨਾ ਤੁਹਾਡਾ ਜਵਾਬ ਹੈ ਕੋਈ,
'ਕਿਸ਼ਨ' ਦਿਲ ਦਾ ਸਵਾਲ ਕਰਦੇ ਹੋ।

00

ਕਿੰਨੀ ਵਾਰੀ ਇਉਂ ਵੀ ਘਰ ਨੂੰ ਆਵਾਂ ਮੈਂ,
ਹੋਰਾਂ ਤੋਂ ਪੁੱਛਕੇ ਅਪਣਾ ਸਿਰਨਾਵਾਂ ਮੈਂ।

ਹਮਦਰਦਾਂ ਤੋਂ ਰਾਤ ਦਿਨੇ ਬਚਦਾ ਫਿਰਦਾਂ,
ਹਮਦਰਦੀ ਦੇ ਹੜ੍ਹ ਵਿਚ ਨਾ ਚੜ੍ਹ ਜਾਵਾਂ ਮੈਂ।

ਡੰਗ ਲਵਾਂ ਉਸ ਵੇਲੇ ਚਿੰਤਨ ਦਾ ਦੀਵਾ,
ਮਨ ਦੇ ਨ੍ਹੇਰੇ ਤੋਂ ਜਦ ਵੀ ਘਬਰਾਵਾਂ ਮੈਂ।

ਜਦ ਟੁੱਟੀ ਤਾਂ ਕੀ ਭਾਣਾ ਵਰਤੂ ਖ਼ਬਰੇ,
ਅਪਣੀ ਖ਼ਾਮੋਸ਼ੀ ਤੋਂ ਡਰ ਡਰ ਜਾਵਾਂ ਮੈਂ।

ਫੁੱਲਾਂ ਦੀ ਖ਼ੁਸ਼ਬੋਈ ਦਾ ਜਦ ਆਸ਼ਕ ਹਾਂ,
ਕੰਡਿਆਂ ਤੋਂ ਫਿਰ ਦਾਮਨ ਕਿੰਝ ਬਚਾਵਾਂ ਮੈਂ।

ਰੂਪ, ਨਸ਼ਾ, ਰਸ ਤੇ ਖ਼ੁਸ਼ਬੋਈ ਦੇ ਚਸ਼ਮੇ,
ਭਿੱਤ ਨੈਣਾਂ ਦੇ ਖੋਹਲੋ ਟੁੱਭੀ ਲਾਵਾਂ ਮੈਂ।

ਸੱਤਰੰਗੇ ਖ਼ਾਬਾਂ ਦੇ ਇਸ ਵਿਚ ਰੰਗ ਭਰੇ,
'ਕਿਸ਼ਨ' ਤਿਰਾ ਦਿਲ ਉੱਤੇ ਖੁਣਿਆ ਨਾਵਾਂ ਮੈਂ।



00

ਇਕ ਸਿਲਸਿਲੈ ਨਿਰੰਤਰ, ਗ਼ਮ ਹੈ ਕਦੇ ਖ਼ੁਸ਼ੀ ਹੈ,
ਮੇਰੀ ਨਜ਼ਰ 'ਚ ਤਾਂ ਬਸ, ਏਹੋ ਹੀ ਜ਼ਿੰਦਗੀ ਹੈ।

ਮੈਨੂੰ ਸਤਾ ਸਤਾਕੇ, ਹੋਵੇਂ ਜੇ ਖ਼ੁਸ਼, ਮੈਂ ਖ਼ੁਸ਼ ਹਾਂ,
ਤੇਰੀ ਖ਼ੁਸ਼ੀ 'ਚ ਹੀ ਤਾਂ, ਸ਼ਾਮਿਲ ਮਿਰੀ ਖ਼ੁਸ਼ੀ ਹੈ।

ਕਰਦਾ ਹਾਂ ਮੈਂ ਗੁਜ਼ਾਰਿਸ਼, ਮੇਰੇ ਨ ਐਬ ਢਕ ਤੂੰ,
ਇਹ ਦੋਸਤੀ ਨ ਹਰਗਿਜ਼, ਦਰਅਸਲ ਦੁਸ਼ਮਣੀ ਹੈ।

ਹੰਝੂ ਵਹੇ ਨ ਅਪਣੇ, ਸ਼ਿੱਦਤ ਹੈ ਗ਼ਮ ਦੀ ਓਵੇਂ,
ਢਲਿਆ ਨ ਦਰਦ ਦਿਲ ਦਾ, ਇਹ ਰਾਤ ਢਲ ਚਲੀ ਹੈ।

ਇਹ ਸੋਚਣੀ ਬਦਲਣੀ, ਬਿਲਕੁਲ ਨਹੀਂ ਹੈ ਸੰਭਵ,
ਇਹ ਬੇਬਸੀ ਹੈ ਆਖਰ, ਆਖਰ ਇਹ ਬੇਬਸੀ ਹੈ।

ਜੋ ਮਨ 'ਚ ਹੈ ਕਹਾਂਗਾ, ਅੰਜਾਮ ਕੁਝ ਵੀ ਹੋਵੇ,
ਹੁਣ ਰੱਖਣੀ ਖ਼ਮੋਸ਼ੀ, ਦੁਸ਼ਵਾਰ ਹੋ ਗਈ ਹੈ।

ਪੁੱਛਦਾ ਏਂ 'ਕਿਸ਼ਨ' ਬਾਬਤ, ਬੰਦੇ ਬਹੁਤ ਸਧਾਰਨ,
ਬਸ ਰਾਸ ਹੈ ਗ਼ਜ਼ਲ ਦੀ, ਉਸ ਪਾਸ ਹੋਰ ਕੀ ਹੈ।

ਦਿਲ ਨੂੰ ਚਿੰਤਾ ਖਾਵੇ, ਕੀਤਾ ਕੀ ਜਾਵੇ,
ਸਮਝ ਜ਼ਰਾ ਨਾ ਆਵੇ, ਕੀਤਾ ਕੀ ਜਾਵੇ?

ਰੇਤੂ, ਤਹਿਲੇ, ਦਾਣੇ, ਦੁਧ, ਗੁੜ, ਬਿਜਲੀ, ਕਿਰਾਏ,
ਆਉਂਦੇ ਕਰ ਕਰ ਧਾਵੇ, ਕੀਤਾ ਕੀ ਜਾਵੇ?

ਹਰ ਦਿਨ ਚਿਊ ਦੇ ਵਾਂਗੂ, ਪੁਣ ਤਾਂ ਹਰ ਦਿਲ ਕਾਜ,
ਫੇਰਾਂ ਘਾਣ ਭਰਾਵੇ, ਕੀਤਾ ਕੀ ਜਾਵੇ?

ਕਿੱਥੇ ਲੈ ਕੇ ਜਾਵਾਂ, ਭਰਿਆ ਭਰਿਆ ਦਿਲ,
ਕਿਹੜਾ ਦਰਦ ਵੰਡਾਵੇ, ਕੀਤਾ ਕੀ ਜਾਵੇ?

ਜਿੰਨੀ ਵੀ ਸੁਲਝਾਵਾਂ, 'ਬਿਸ਼ਨ' ਉਲਝਦੀ ਹੈ,
ਤਾਣੀ ਰਾਸ ਨ ਆਵੇ, ਕੀਤਾ ਕੀ ਜਾਵੇ?





ਕਾਤਿਲ ਤੋਂ ਪਿਆਰਾ ਨਹੀਂ ਕੋਈ,
ਦਰਅਸਲ ਆਪਣਾ ਨਹੀਂ ਕੋਈ।

ਮੈਂ ਤਾਂ ਉਂਝ ਹੀ ਉਦਾਸ ਰਹਿੰਦਾ ਹਾਂ,
ਖ਼ਾਸ ਇਸਦੀ ਵਜ੍ਹਾ ਨਹੀਂ ਕੋਈ।

ਆਪਣੇ ਹਾਲਾਤ ਤੇ ਹੀ ਰੋਸਾ ਹੈ,
ਤੇ ਕਿਸੇ ਤੇ ਗਿਲਾ ਨਹੀਂ ਕੋਈ।

ਆਪਣੀ ਹੀ ਨਜ਼ਰ 'ਚੋਂ ਗਿਰ ਪੈਣਾ,
ਇਸ ਤੋਂ ਵੱਡੀ ਸਜ਼ਾ ਨਹੀਂ ਕੋਈ।

ਦਰਦ ਦੀ ਇੰਤਹਾ ਤੁਸੀਂ ਪੁੱਛੋ,
ਦਰਦ ਦੀ ਇੰਤਹਾ ਨਹੀਂ ਕੋਈ।

ਜੇ ਕਿਤੇ ਨਾ ਮਿਲੇ ਖੁਸ਼ੀ ਤਾਂ,
ਜੀਣ ਦਾ ਹੀ ਮਜ਼ਾ ਨਹੀਂ ਕੋਈ।

ਜਿਸਤੋਂ ਹੋਵੇ ਨ ਹਾਦਸਾ ਸਿਖਿਆ,
ਜ਼ਿੰਦਗੀ ਦਾ ਸਫ਼ਾ ਨਹੀਂ ਕੋਈ।

ਸੁਖ 'ਚ ਸਾਰੇ ਹੀ ਆਪਣੇ ਬਣਦੇ,
ਦੁਖ 'ਚ ਪਹਿਚਾਣਦਾ ਨਹੀਂ ਕੋਈ।

'ਬਿਸ਼ਨ' ਆਪਣੇ ਹੀ ਰੋਣ ਰੋਂਦੇ ਹਾਂ,
ਕੋਲ ਆਪਣੇ ਕਲਾ ਨਹੀਂ ਕੋਈ।

00

ਜ਼ਿੰਦਗੀ ਇਉਂ ਨਾ, ਮਿਰੀ ਦਰਦ ਰੰਞਾਣੀ ਹੁੰਦੀ,
ਤੂੰ ਮਿਰਾ ਦਰਦ, ਮਿਰੀ ਪੀੜ, ਪਛਾਣੀ ਹੁੰਦੀ।
S I S S I I S S I I S S SS

ੳ ਮਨਾ ਕਿੰਞ ਜੁਆਨੀ ਦਾ ਦੁਪਹਿਰਾ ਕਟਦਾ,
ਦੋ ਘੜੀ ਰੂਪ ਦੀ ਛਾਂ ਵੀ ਨ ਜੇ ਮਾਣੀ ਹੁੰਦੀ।

ਮੁਸਕਰਾਹਟ ਮਿਰੀ ਦੇਖ, ਨ ਖਿੜਿਆ ਚਿਹਰਾ,
ਏਸ ਉਹਲੇ 'ਚ ਸਗੋਂ ਪੀੜ ਛੁਪਾਣੀ ਹੁੰਦੀ।

ਰਾਸ ਆਉਂਦੀ ਜੇ ਜ਼ਮਾਨੇ ਦੀ ਹਵਾ ਚਾਵਾਂ ਨੂੰ,
ਹੋਰ ਹੀ ਸ਼ਾਨ ਮਿਰੀ, ਹੋਰ ਕਹਾਣੀ ਹੁੰਦੀ।

ਐਨੀ ਥੰਨ੍ਹਦਾ ਨ ਸੀ ਤਮਹੀਦ ਸੁਤੋ ਕਹਿ ਲੈਂਦਾ,
ਜੇ ਕੁਈ ਬਾਤ ਨ ਮੈਥੋਂ ਤੂੰ ਛੁਪਾਣੀ ਹੁੰਦੀ।

ਸ਼ਬਦ ਕਿੰਨਾ ਕੁ ਭਲਾ ਸਾਥ ਇਦ੍ਹਾ ਦੇ ਸਕਦੇ,
ਹਾਂ ਮੁਹੱਬਤ 'ਚ ਖ਼ਮੋਸ਼ੀ ਹੀ ਤਾਂ ਬਾਣੀ ਹੁੰਦੀ।

ਹਿਜਰ ਦੀ ਰਾਤ ਮਿਰੀ ਜਾਨ ਹੇ ਰਿੜਕੀ ਜਾਂਦੀ,
ਹਿਜਰ ਦੀ ਰਾਤ ਤਿਰੀ ਯਾਦ ਮਧਾਣੀ ਹੁੰਦੀ।

ਇਉਂ ਲਗਾਤਾਰ ਨ ਰਹਿੰਦੀ ਜੇ ਮੁਸੀਬਤ ਸਿਰ ਤੇ,
ਤਾਂ ਮਿਰੀ ਸੋਚ ਨ ਹਾਲਾਤ ਦੀ ਹਾਣੀ ਹੁੰਦੀ।

'ਕਿਸ਼ਨ' ਇਹ ਖੇਤ ਤਿਰਾ ਤੈਨੂੰ ਹੀ ਇਹ ਵਾਹੁਣਾ ਪੈਣੇ,
ਇਹ ਕਲਾ ਹੈ ਤੇ ਕਲਾ ਆਪ ਕਮਾਣੀ ਹੁੰਦੀ।



00

ਜਦੋਂ ਵੀ ਯਾਦ ਆਉਂਦਾ ਹੈ ਮਿਰੇ, ਉਹ ਜਿਸਮ ਸੰਦਲ ਦਾ,
ਤਾਂ ਮੈਨੂੰ ਜਾਪਦਾ ਹੈ ਮੈਂ ਜਿਵੇਂ ਖ਼ੁਸ਼ਬੂ 'ਚ ਹਾਂ ਚਲਦਾ।

ਅਚਾਨਕ ਹੀ ਗਿਰੇ ਹੰਝੂ ਜੁ ਅਟਕੇ ਸਨ, ਕਿਤੇ ਪਲਕੀਂ,
ਉਨ੍ਹਾਂ ਦੇ ਜਾਣ ਮਗਰੋਂ ਦਿਲ ਭਲਾ ਕਦ ਤੀਕ ਸੰਭਲਦਾ।

ਸਰੋਂ ਦੇ ਖੇਤ ਵਿਚ ਲਿਫਕੇ ਮਰੋੜੇ ਜਦ ਕਦੇ ਗੰਦਲ,
ਰਕਾਨੇ ਜਾਪਦੀ ਏਂ ਤੂੰ ਉਦੋਂ ਖ਼ੁਦ ਰੂਪ ਗੰਦਲ ਦਾ।

ਜਲੇ ਉਹ ਵੀ ਜੁ ਜਲਕੇ ਹੋਰਨਾਂ ਨੂੰ ਰੌਸ਼ਨੀ ਦੇਵੇ,
ਜਲੇ ਉਹ ਵੀ ਤੇ ਹੋਵੇ ਰਾਖ, ਜਿਹੜਾ ਹਸਦ ਵਿਚ ਜਲਦਾ।

ਕਦੇ ਵੀ 'ਕਿਸ਼ਨ' ਛਾਂ ਦੇ ਮੋਹ 'ਚ ਨਾ ਪੈਂਡਾ ਕਰੀਂ ਖੋਟਾ,
ਰਲੇ ਨਾ ਕਾਫਲੇ ਦੇ ਨਾਲ ਜਿਹੜਾ ਖੁੰਝਿਆ ਪਲ ਦਾ।

00

ਅਸੀਂ ਤਾਂ ਉਮਰ ਅਪਣੀ ਇਸਦੀ ਖ਼ਾਤਿਰ ਗੁਆਈ ਹੈ,
ਅਜੇ ਤਾਂ ਛਿੱਟ ਭਰ ਹੀ ਰੋਸ਼ਨੀ ਹਿੱਸੇ 'ਚ ਆਈ ਹੈ।

ਕਿਤੇ ਮਹਿਕੀ ਕਲੀ ਕੋਈ, ਭਲਾ ਗੁੱਝੀ ਕਿਵੇਂ ਰਹਿੰਦੀ,
ਖ਼ਬਰ ਇਹ ਭੌਰਿਆਂ ਨੂੰ ਦੂਰ ਤਕ ਪੌਣਾਂ ਪੁਚਾਈ ਹੈ।

ਜਿਨ੍ਹਾਂ ਨੂੰ ਮੈਂ ਸਦਾ ਛਾਵਾਂ ਕਰੀ ਹੈ ਰੁੱਖ ਦੇ ਵਾਂਗੂੰ,
ਜੇ ਦਾਅ ਲਗਿਆ ਉਨ੍ਹਾਂ ਮੇਰੇ ਤੇ ਹੀ ਆਰੀ ਚਲਾਈ ਹੈ।

ਕੁਈ ਦਿਲਕਸ਼ ਜਿਹਾ ਮੁਖੜਾ ਨਜ਼ਰ ਆਵੇ ਕਿਤੇ ਮੈਨੂੰ,
ਨਜ਼ਰ ਮੇਰੀ ਬੜੇ ਚਿਰ ਤੋਂ ਸੁਹੱਪਣ ਦੀ ਤਿਹਾਈ ਹੈ।

ਦਗ਼ਾ ਦੇਵੇ ਜੁ ਯਾਰਾਂ ਨੂੰ ਅਜੇਹੀ ਦੋਸਤੀ ਤੋਂ ਤਾਂ,
ਮਿਰੀ ਤੌਬਾ, ਮਿਰੀ ਤੌਬਾ, ਦੁਹਾਈ, ਦੁਹਾਈ ਹੈ।

ਜਦੋਂ ਵੀ ਅਕਲ ਤੌਬਾ ਕਰ ਗਈ ਹੈ ਰਾਹਨੁਮਾਈ ਤੋਂ,
ਉਦੋਂ ਫਿਰ 'ਕਿਸ਼ਨ' ਦਿਲ ਨੇ ਹੀ ਤਾਂ ਕੀਤੀ ਰਾਹਨੁਮਾਈ ਹੈ।



00

ਸਿਝਦੇ ਨੇ ਜਿਹੜੇ ਹਰ ਇਕ ਮੌਸਮ ਦੇ ਨਾਲ,
ਜੀਵਨ ਹੈ ਸੁਰਜੀਤ ਉਨ੍ਹਾਂ ਦੇ ਦਮ ਦੇ ਨਾਲ।

ਜੋ ਕਾਮਿਲ ਹੈ ਉਸਨੇ 'ਵਾ ਦੇ ਰੁਖ਼ ਬਦਲੇ,
ਗਿਰਗਿਟ ਹੈ ਜੋ ਬਦਲ ਗਿਆ ਮੌਸਮ ਦੇ ਨਾਲ।

ਉਸ ਦਿਨ ਦਾ ਅਪਣਾ ਗ਼ਮ ਨਿੱਕਾ ਲਗਦਾ ਹੈ,
ਜਿਸ ਦਿਨ ਤੋਂ ਰਲਿਆ ਹੈ ਤੇਰੇ ਗ਼ਮ ਦੇ ਨਾਲ।

ਅਪਣਾ ਹਾਸਾ ਯਾਰਾ 'ਤੇ ਅਪਣਾ ਰੋਸਾ,
ਸਾਂਝਾ ਕਰ ਲੈ ਤੂੰ ਅਪਣੇ ਹਮਦਮ ਦੇ ਨਾਲ।

ਜਦ ਮਜ਼ਲੂਮਾਂ ਸ਼ਕਤੀ ਅਪਣੀ ਜਾਣ ਲਈ,
'ਕਿਸ਼ਨ' ਉਨ੍ਹਾਂ ਮੱਥਾ ਲਾਇਐ ਜ਼ਾਲਮ ਦੇ ਨਾਲ।

00

ਖ਼ਿਆਲਾਂ ਨੂੰ ਉਡਾਈ ਰੱਖਦੀ ਹੈ ਅੰਬਰਾਂ 'ਤੇ,
ਕਿ ਮੇਰੀ ਕਲਪਣਾ ਨੂੰ ਮਾਣ ਹੈ ਅਪਣੇ ਪਰਾਂ 'ਤੇ।

ਇਨ੍ਹਾਂ 'ਤੇ ਪਾਉਣਗੇ ਝੁਰਮਟ ਹਮੇਸ਼ਾਂ ਕਾਗ ਹੀ ਤਾਂ,
ਉਤਰਨੇ ਹੰਸ ਨਾ ਯਾਰੋ ਕਦੇ ਗੰਧਲੇ ਸਰਾਂ 'ਤੇ।

ਹੁਣੇ ਕੁਝ ਸੋਚ, ਤੂੰ ਸੰਭਲ, ਕਰੇਂਗਾ ਫਿਰ ਉਪਾ ਕੀ,
ਮੁਸੀਬਤ ਆਣ ਹੀ ਲੱਥੀ ਜਦੋਂ ਤੇਰੇ ਦਰਾਂ 'ਤੇ।

ਤੁਸੀਂ ਦੱਸੋ ਕਿਸੇ 'ਤੇ ਕੀ ਕਰੇ ਵਿਸ਼ਵਾਸ ਕੋਈ,
ਕਿ ਅੱਜ ਕੱਲ ਰਾਹਜ਼ਨੀ ਦਾ ਦੋਸ਼ ਆਉਂਦੈ ਰਾਹਬਰਾਂ 'ਤੇ।

ਮਿਰੀ ਬਸਤੀ 'ਚ ਤਾਂਡਵ ਨਾਚ ਨਚਦੀ ਹੈ ਸਿਆਸਤ,
ਖ਼ੌਰੇ ਕਦ ਮੌਤ ਵਰ੍ਹ ਜਾਣੀ ਹੈ ਘੁੱਗ ਵਸਦੇ ਘਰਾਂ 'ਤੇ।

ਬਦਲ ਦੇ ਰੁਖ ਜੁ ਵਾਵਾਂ ਦੇ ਉਨ੍ਹਾਂ 'ਚੋਂ ਹਾਂ ਅਸੀਂ ਤਾਂ,
ਓ ਸਾਨੂੰ ਕੀ ਡਰਾਉਂਦੇ ਹੋ ਸਮੇਂ ਦੇ ਤੇਵਰਾਂ 'ਤੇ।

ਨ ਕੋਰਾ ਸੱਚ ਤੇਰਾ ਰਿਸ਼ਤਿਆਂ ਦੇ ਮੇਚ ਆਉਣਾ,
ਗੁਆ ਬਹਿਣੈਂ ਬਹੁਤ ਕੁਝ 'ਕਿਸ਼ਨ' ਤੂੰ ਤਾਂ ਇਸ ਤਰ੍ਹਾਂ 'ਤੇ।



S I SS IIS00 IISS SS
ਇਸ ਨਦੀ ਨੇ ਵੀ ਸਮੁੰਦਰ 'ਚ ਸਮਾਉਣਾ ਹੁੰਦੈ,
ਪੀੜ ਨੇ ਅੰਤ ਨੂੰ ਅੱਖਾਂ 'ਚ ਹੀ ਆਉਣਾ ਹੁੰਦੈ।

ਕਹਿ ਰਿਹੈਂ ਤੂੰ ਕਿ ਹਰਿਕ ਚੀਜ਼ ਦੀ ਹੱਦ ਹੁੰਦੀ ਏ,
ਦੱਸ ਮਹਿਬੂਬ ਨੇ ਕਿੰਨਾ ਕੁ ਸਤਾਉਣਾ ਹੁੰਦੈ?

ਤੇਰੇ ਹੱਥਾਂ 'ਚ ਹੈ ਦਿਲ ਤੋੜ ਦਵੇਂ, ਸਾਂਭ ਲਵੇਂ,
ਮੈਂ ਤਾਂ ਏਨਾਂ ਹੀ ਕਹਾਂ, ਦਿਲ ਨ ਖਿਡੌਣਾ ਹੁੰਦੈ।

ਛਿਣ 'ਚ ਆਉਂਦਾ ਹੈ ਤੇ ਛਿਣ ਵਿਚ ਹੀ ਚਲਾ ਜਾਂਦਾ ਏ,
ਜਿੰਦ ਦੇ ਦੁਆਰ ਹਰਿਕ ਸਾਹ ਤਾਂ ਪ੍ਰਾਹੁਣਾ ਹੁੰਦੈ।

ਮੈਂ ਤਿਰੇ ਨਾਲ ਹਾਂ ਸਹਿਮਤ ਕਿ ਗ਼ਜ਼ਲ ਕੀ ਮੁਸ਼ਕਲ,
ਇਕ ਸਮੁੰਦਰ ਹੀ ਤਾਂ ਕੁੱਜੇ 'ਚ ਸਮਾਉਣਾ ਹੁੰਦੈ।

ਮਹਿਕ ਵੀ ਲੈਣ ਦੇ ਇਸਨੂੰ ਕਿ ਸਮਾਂ ਮਹਿਕਣ ਦਾ,
ਰੂਪ ਨੇ ਚਾਰ ਕੁ ਦਿਨ ਜਲਵਾ ਦਿਖਾਉਣਾ ਹੁੰਦੈ।
S I S S I I S S S I S I S S S
ਬੋਲ ਦੋ ਬੋਲ ਦਵੇਂ ਹਸਕੇ ਤਿਰਾ ਕੀ ਜਾਣਾ,
ਦੋ ਘੜੀ 'ਕਿਸ਼ਨ' ਦਾ ਮਨ ਹੀ ਤਾਂ ਪਰਾਉਣਾ ਹੁੰਦੈ।

00

ਇਸਦੀ ਭਾਲ. 'ਚ ਚੱਪਾ ਚੱਪਾ ਥਾਂ ਛਾਣੀ,
ਦਿਲ ਨੂੰ ਕਿਧਰੇ ਚੈਨ ਮਿਲੀ ਨਾ ਮਰ ਜਾਣੀ।

ਮੈਂ ਤਾਂ ਖ਼ੁਦ ਨੂੰ ਹੀ ਅਕਸਰ ਏਦਾਂ ਮਿਲਿਆ,
ਜੀਕਣ ਵਿਛੜੇ ਹਾਣੀ ਨੂੰ ਮਿਲਦੈ ਹਾਣੀ।

ਮੈਂ ਜੀਵਨ ਦੀ ਨੀਰਸਤਾ ਵੀ ਝੱਲੀ ਹੈ,
ਤੇ ਮੈਂ ਜੀਵਨ ਦੀ ਸੁੰਦਰਤਾ ਵੀ ਮਾਣੀ।

ਬੋਲ ਕਿਸੇ ਦੇ 'ਕਿਸ਼ਨ' ਪਏ ਕੰਨਾਂ ਵਿਚ ਇਉਂ,
ਕੰਨਾਂ ਨੇ ਵੀ ਚੱਖਿਆ ਹੈ ਇਕ ਰਸ ਜਾਣੀ।



00

ਜਾਂ ਤਾਂ ਸੰਭਵ ਹੈ ਨਿਰਾ ਸੱਚ ਬਚਾਕੇ ਰੱਖਣਾ,
ਜਾਂ ਜ਼ਮਾਨੇ 'ਚ ਕਿਸੇ ਨਾਲ ਬਣਾਕੇ ਰੱਖਣਾ।

ਇਹ ਜੁ ਹਮਦਰਦ ਤਿਰੇ, ਮਹਿਜ਼ ਦਿਖਾਵੇ ਖ਼ਾਤਿਰ,
ਤੂੰ ਇਨ੍ਹਾਂ ਤੋਂ ਓ ਮਨਾ ਪੀੜ ਛੁਪਾਕੇ ਰੱਖਣਾ।

ਉਹ ਵਿਅਕਤੀ ਹੀ ਚਮਕਦਾ ਹੈ ਸਿਤਾਰੇ ਵਾਂਗੂੰ,
ਜਿਸਨੂੰ ਚਾਹੁੰਦਾ ਹੈ ਜ਼ਮਾਨਾ ਇਹ, ਰੁਲਾਕੇ ਰੱਖਣਾ।

ਇਉਂ ਸਤਾਇਆ ਹੈ ਤੁਸੀਂ, ਹਾਲ ਇਹ ਸਾਡਾ ਹੋਇਆ,
ਨਾ ਸਤਾਉਣਾ ਵੀ ਤਾਂ ਹੁਣ ਤਾਂ ਹੈ ਸਤਾਕੇ ਰੱਖਣਾ।

ਸਖ਼ਤ ਪਹਿਰੇ 'ਚ ਵੀ ਰੱਖੋਗੇ ਤਾਂ ਉਡ ਜਾਵੇਗੀ,
ਮਹਿਕ ਹੈ, ਮਹਿਕ ਤੇ ਪਹਿਰੇ ਨ ਲਗਾ ਕੇ ਰੱਖਣਾ।

ਜੋ ਤਿਰੇ ਜੀਅ 'ਚ ਹੈ ਕਰ ਲੈ ਤੂੰ ਸਿਤਮਗਰ ਭਾਵੇਂ,
ਮੈਂ ਹਜ਼ੂਰੀ 'ਚ ਤਿਰੇ ਸਿਰ ਨ ਝੁਕਾ ਕੇ ਰੱਖਣਾ।

ਦਰਦ ਦਾ ਪਾਸ ਰਹੇ 'ਕਿਸ਼ਨ' ਜ਼ਮੀਰ ਅਪਣੀ ਰੌਸ਼ਨ,
ਤੂੰ ਸਦਾ ਦੀਪ ਮੁਹੱਬਤ ਦੇ ਜਗਾਕੇ ਰੱਖਣਾ।

00

ਜੁ ਮੁੜਿਆ ਦੇਰ ਮਗਰੋਂ ਚਿਤ 'ਚ ਨਾ ਸੀ ਉਸ ਮੁਸਾਫ਼ਰ ਦੇ,
ਕਿ ਮਿਲਣੇ ਬੰਦ ਬੂਹੇ ਓਸ ਨੂੰ ਹੁਣ ਆਪਣੇ ਘਰ ਦੇ।

ਉਹ ਮਰਕੇ ਹੰਝੂਆਂ ਦੀ ਧਾਰ ਦੇ ਵਿਚ ਰੁੜ੍ਹ ਗਏ ਹੁਣ ਤਾਂ,
ਉਦੋਂ ਆਉਂਦਾ ਜਦੋਂ ਅੱਖਾਂ 'ਚ ਸਜਣਾ ਖ਼ਾਬ ਸਨ ਤਰਦੇ।

ਦਿਖਾ ਦੇਵੇ ਇਹ ਸਗਵਾਂ ਰੂਪ ਤੇਰਾ ਮੈਂ ਜਦੋਂ ਚਾਹਾਂ,
ਮੈਂ ਸੌ ਸੌ ਵਾਰ ਸਦਕੇ ਕਿਉਂ ਨ ਜਾਵਾਂਗਾ ਤਸੱਵਰ ਦੇ।

ਤੁਰੇ ਉਹ ਹੋਂਠ ਹੀ ਕੰਬੇ ਮਿਰੇ ਇਕ ਬੋਲ ਨਾ ਜੁੜਿਆ,
ਨਿਮਾਣੇ ਸ਼ਬਦ ਮੇਰੀ ਪੀੜ ਦਾ ਇਜ਼ਹਾਰ ਕੀ ਕਰਦੇ।

ਬਥੇਰੇ ਲੀਕ ਦੇ ਏਧਰ, ਬਥੇਰੇ ਲੀਕ ਦੇ ਓਧਰ,
ਮਿਰੇ ਵਰਗੇ ਦੁਚਿੱਤੇ ਕੁਝ, ਨ ਏਧਰ ਦੇ, ਨ ਓਧਰ ਦੇ।

ਪਿਘਲਦੈ ਦਰਦ ਕੁਝ, ਹਮਦਰਦ ਬੋਲਾਂ ਨਾਲ ਮਨ ਭਰਦੈ,
ਮਿਰੇ ਦਰਦੀ ਜੁ ਦਿਲ ਦੇ ਜ਼ਖ਼ਮ ਨੇ ਉਹ ਜ਼ਖ਼ਮ ਕਦ ਭਰਦੇ।

ਕਿਵੇਂ ਹੋਵੇ ਤੁਹਾਡਾ ਹੌਸਲਾ ਮੇਰੇ ਜਿਹਾ ਦੱਸੋ?
ਤੁਸੀਂ ਸਦਮੇ ਸਹੇ ਨਾ ਦੋਸਤੋ ਮੇਰੇ ਬਰੋਬਰ ਦੇ।

ਇਹ ਖੰਡਰ ਵੰਡਦੀ ਬਸਤੀ ਬਣੀ ਹੁਣ ਮੌਤ ਦੀ ਵਾਦੀ,
ਉਤਰਦੇ 'ਕਿਸ਼ਨ' ਦਿਲ ਵਿਚ ਭੈਅ ਜਿਹਾ ਹੁਣ ਸ਼ਾਮ ਉੱਤਰਦੇ



00

ਗ਼ਜ਼ਲ ਕਹਿ 'ਕਿਸ਼ਨ' ਐਸੀ ਬਸ, ਕਿ ਤੂੰ ਸ਼ਿਅਰਾਂ 'ਚ ਨਗ ਜੜਦੇ
ਤਿਰੀ ਅਰਦਲ 'ਚ ਹੱਥ ਬੰਨੀਂ, ਰਦੀਫ਼ਾਂ, ਕਾਫ਼ੀਏ ਖੜ੍ਹਦੇ।

ਹਿਲਾ ਕੁਝ ਹੱਥ, ਹੱਥ ਤੇ ਹੱਥ ਧਰ ਕੁਝ ਹੱਥ ਨਾ ਆਉਣਾ,
ਤੂੰ ਹੱਥ ਮਲਦਾ ਨ ਰਹਿ ਜਾਵੀਂ, ਕਿ ਹੱਥ ਤਕਦੀਰ ਖ਼ੁਦ ਘੜ੍ਹਦੇ।

ਰੁਕਾਵਟ ਲੱਖ ਹੋਵੇ, ਹੋਣ ਸੌ ਦੁਸ਼ਵਾਰੀਆਂ, ਫਿਰ ਵੀ,
ਜਿਨ੍ਹਾਂ ਨੇ ਅਪੜਨਾ ਹੁੰਦੈ, ਉਹ ਸਿਰ ਦੇ ਭਾਰ ਅੱਪੜਦੇ।

ਤਿਰੀ ਮੈਂ ਯਾਦ ਭੁੱਲ ਜਾਵਾਂ ਕਿਵੇਂ, ਦੱਸੀਂ ਕਦੇ ਸੁਣਿਐ?
ਕਲੀ ਤੋਂ ਮਹਿਕ, ਸਾਜ਼ੋ ਸੁਰ, ਨਦੀ ਤੋਂ ਨੀਰ ਵਿੱਛੜਦੇ?

ਚਲੋ ਚੰਗਾ ਹੀ ਹੋਇਐ, ਅੰਦਰੋਂ ਤਾਂ ਠੋਸ ਨਿਕਲੇ ਹਾਂ,
ਕਿ ਢੰਡੋ ਇਸ ਤਰ੍ਹਾਂ ਸੱਟਾਂ ਨੇ ਲੋਕੀ ਚੋਲ ਜਿਉਂ ਛੜਦੇ।

ਮਚਾਉਂਦੇ ਨੂਰ ਦਿਨ ਦੀਵੀਂ, ਕਹਾਉਂਦੇ ਕੌਮ ਦੇ ਰਾਹਬਰ,
ਖਿੜਾਉਂਦੇ ਗੁਲ, ਚੜ੍ਹਾਉਂਦੇ ਚੰਦ, ਕੀ ਕੀ ਸਾਜ਼ਿਸ਼ਾਂ ਘੜਦੇ।

ਤੁਹਾਨੂੰ 'ਕਿਸ਼ਨ' ਕਿਸਨੇ ਪੁਛਣਾ ਸੀ ਕੰਡੀਆਂ ਦੇ ਭਾਅ,
ਕਿ ਗੁਮਨਾਮੀ 'ਚ ਮਰਦੇ, ਜੇ ਗ਼ਜ਼ਲ ਦਾ ਹੱਥ ਨਾ ਫੜਦੇ।

00

ਨ ਇਉਂ ਅੱਖਾਂ ਦਿਖਾਉਂਦੇ ਉਹ, ਨ ਰਾਹ ਦੇ ਰੋੜ ਬਣ ਖੜਦੇ,
ਦਿਖਾਏ ਹੱਥ ਜੇ ਹੁੰਦੇ, ਤਾਂ ਦੇਖੀ ਇਉਂ ਨ ਸਿਰ ਚੜ੍ਹਦੇ।

ਖ਼ੁਸ਼ੀ, ਗ਼ਮ, ਦਰਦ, ਦੁਖ, ਸੁਖ, ਹਰਖ, ਰੋਸ, ਮਨ ਦੇ ਮੌਸਮ ਹਨ,
ਸਦਾ ਖ਼ੁਸ਼ ਵੀ ਨ ਰਹਿ ਸਕਦੇ, ਤੂੰ ਦਿਲ ਸੋਨੇ 'ਚ ਵੀ ਮੜ੍ਹਦੇ।

ਨ ਐਵੇਂ ਰੋਬ੍ਹ ਝਾੜੀ, ਜਾਹ, ਜਮਾਅ ਐਵੇਂ ਨ ਤੜ੍ਹ ਫੋਕੀ,
ਨਤੀਜੇ ਭੁਗਤਣੇ ਪੈ ਜਾਣ ਨਾ, ਦੇਖੀਂ ਕਿਤੇ ਤੜ੍ਹ ਦੇ।

ਜ਼ਰਾ ਵੀ ਅੰਚ ਜਦ ਆਉਂਦੀ, ਜ਼ਰਾ ਵੀ ਠੇਸ ਜਦ ਲਗਦੀ,
ਜੁ ਗਰਜ਼ਾਂ ਨਾਲ ਬੱਝੇ ਹੋਣ, ਉਹ ਰਿਸ਼ਤੇ ਕਦੋਂ ਖੜ੍ਹਦੇ।

ਪੁਰਾਣੇ ਜ਼ਖ਼ਮ ਤੇ ਅੰਗੂਰ? ਹੁਣ ਨਵਿਆਂ ਦੀ ਵਾਰੀ ਹੈ,
ਬਹਾਰਾਂ ਆਉਣ ਤੋਂ ਪਹਿਲਾਂ ਪੁਰਾਣੇ ਪੱਤ ਹਨ ਝੜਦੇ।

ਦਿਨਾਂ ਵਿਚ ਕੱਦ ਕਢਦੇ ਬਿਰਖ ਜੋ, ਮਜ਼ਬੂਤ ਨਾ ਹੋਵਣ,
ਹਵਾ ਦੀ ਧੌਲ ਸਹਿ ਸਕਦੇ ਨ, ਹੁੰਦੇ ਪੇਤਲੇ ਜੜ੍ਹ ਦੇ।

ਜ਼ਰਾ ਪੈਰਾਂ ਤੇ ਰਹਿ ਤੂੰ, ਮਾਰ ਨਾ ਐਵੇਂ ਹੀਂ ਫੜ੍ਹ ਫੋਕੀ,
ਗਿਰੇਂ'ਗਾ ਧੌਣ ਪਰਨੇ ਚਿੱਤ, ਹੁੰਦੇ ਪੈਰ ਨਾ ਫੜ੍ਹ ਦੇ।

ਨ ਭਾਵੁਕਤਾ ਬਿਨਾ ਬਣਦਾ ਕੁਈ ਸ਼ਾਇਰ, ਖ਼ਿਮਾ ਕਰਿਉ,
ਤੁਹਾਡਾ 'ਕਿਸ਼ਨ' ਭਾਵੁਕ ਹੋ ਗਿਆ ਜੇਕਰ, ਗ਼ਜ਼ਲ ਪੜ੍ਹਦੇ।



SS I SIS 00 SSI SIS
ਚੜ੍ਹਦੇ ਨੇ ਰੋਜ਼ ਰੋਜ਼ ਸਿਤਾਰੇ ਨਵੇਂ ਨਵੇਂ,
ਮੈਨੂੰ ਮਿਲੇ ਨੇ ਦਰਦ ਇਹ ,ਭਾਰੇ ਨਵੇਂ ਨਵੇਂ।

SSI SISI
ਇਹ ਬਾਣ ਪੀੜ ਸਹਿਣ ਦੀ ਪੈਂਦੀ ਹੈ ਵਕਤ ਨਾਲ,
ਹਾਲੇ ਤੁਸੀਂ ਓ ਦਰਦ ਦੇ ਮਾਰੇ ਨਵੇਂ ਨਵੇਂ।

ਕੁਝ ਦੇਰ ਕਰ ਉਡੀਕ ਤੂੰ, ਕੁਝ ਦੇਰ, ਹੰਭ ਲੈਣ,
ਆਏ ਨੇ ਦੌੜ ਵਿੱਚ, ਵਿਚਾਰੇ ਨਵੇਂ ਨਵੇਂ।

ਹੁੰਦੇ ਕਦੇ ਨ ਆਪਣੇ ਪੈਰਾਂ ਤੇ ਲੋਕ ਉਹ,
ਰਹਿ ਜਾਣ ਭਾਲਦੇ ਜੁ ਸਹਾਰੇ ਨਵੇਂ ਨਵੇਂ।

ਕੁਦਰਤ ਦੀ ਖੇਡ ਸਾਹਮਣੇ, ਖਿਲਰੇ ਨੇ ਸੱਤ ਰੰਗ,
ਤੱਕਾਂ ਮੈਂ ਰੋਜ਼ ਰੋਜ਼ ਨਜ਼ਾਰੇ ਨਵੇਂ ਨਵੇਂ।

ਅਪਣੇ ਲਹੂ 'ਚੋਂ ਪਾ ਲਵੇ ਜੀਵਨ ਇਹ ਰੋਜ਼ ਰੋਜ਼,
ਤੇ ਰੋਜ਼ ਰੂਹ ਨੂੰ ਚੀਰਦੇ ਆਰੇ ਨਵੇਂ ਨਵੇਂ।

ਖ਼ੂਹ ਰੋਜ਼ ਪੁੱਟਣਾ ਪਵੇ ਜਿਊਣੇ ਲਈ ਨਵਾਂ,
ਕਰਨੇ ਹੀ ਪੈਣ ਜਿਉਣ ਦੇ ਚਾਰੇ ਨਵੇਂ ਨਵੇਂ।

ਖ਼ਾਸਾ ਹੈ ਸਾਮਰਾਜ ਦਾ, ਲੁਟਣਾ ਗ਼ਰੀਬ ਨੂੰ।
ਬਹੁਰੂਪੀਆ ਇਹ ਰੂਪ ਸੋ ਧਾਰੇ ਨਵੇਂ ਨਵੇਂ।

ਤੇਰੀ ਗ਼ਜ਼ਲ 'ਚ ਕਿਸ਼ਨ ਹੈ ਆਈ ਨਵੀਨਤਾ,
ਬੰਨੇ ਰਦੀਫ਼ ਕਾਫ਼ੀਏ ਸਾਰੇ ਨਵੇਂ ਨਵੇਂ।

00

ਤੁਰਦੇ ਜੁ ਧੁਨ 'ਚ ਆਪਣੇ, ਰੁਕਦਾ ਰਵਾਲ ਨਾ,
ਨਾ ਕਾਮਯਾਬ ਹੋਣ ਦਾ ਕੋਈ ਸਵਾਲ ਨਾ।

ਪਲਕੀਂ ਬਹਾਲ ਰੱਖਦੇ, ਪੀੜਾਂ ਨੂੰ ਦਿਲ ਜਿਵੇਂ,
ਕੋਈ ਕਿਸੇ ਦਾ ਰੱਖਦਾ ਏਨਾ ਖਿਆਲ ਨਾ।

ਮਿਲਿਆਂ ਏ ਦੇਰ ਬਾਦ ਤੂੰ, ਹੁਣ ਇਸ ਤਰ੍ਹਾਂ ਨ ਸਾਰ,
ਕਰ ਗੱਲ ਕੰਮ ਦੀ ਕੁਈ ਗੱਲਾਂ 'ਚ ਸਾਰ ਨਾ।

ਪੱਲੇ ਤਿਰੇ ਜੇ ਮਾਲ ਤਾਂ ਹਰ ਥਾਂ ਸਲਾਮ ਹੈ,
ਕੋਈ ਪਛਾਣਦਾ ਨਹੀਂ ਪੱਲੇ ਜੇ ਮਾਲ ਨਾ।

ਐਵੇਂ ਰਚਾ ਨਾ ਢੌਂਗ ਤੂੰ ਬੇਗਰਜ਼ ਹੋਣ ਦਾ,
ਗ਼ਰਜ਼ਾ ਬਗ਼ੈਰ ਤਾਂ ਕੁਈ ਰਿਸ਼ਤਾ ਬਹਾਲ ਨਾ।

ਸਿੱਧੀ ਸ਼ਪਸ਼ਟ ਆਖਦੇ ਮੂੰਹ ਤੇ ਖਰੇ ਮਨੁੱਖ,
ਪਰਦੇ 'ਚ ਰੱਖਦੇ ਕੁਈ ਉਹ ਗੋਲਮਾਲ ਨਾ।

ਹੋਵੇ ਹਬੀ ਨਬੀ ਕੁਈ ਮੈਂ ਨ ਕਸੂਰਵਾਰ,
ਓ ਚਾਲਬਾਜ਼ ਸੋਚ ਲੈ, ਖੇਡੀਂ ਤੂੰ ਚਾਲ ਨਾ।

ਦਿੱਤਾ ਏ ਦਿਲ ਤਾਂ ਫੇਰ ਦੇਹ ਤੂੰ ਉਮਰ ਭਰ ਦਾ ਸਾਥ,
ਮੰਗੀ ਨ ਫੇਰ ਸੋਚ ਲੈ, ਦਿਲ ਹੈ ਰੁਮਾਲ ਨਾ।

ਮੇਰੀ ਲਈ ਹੈ ਸੇਫਟੀ ਵਾਲਵ ਮਿਰੀ ਗ਼ਜ਼ਲ,
ਪੱਲੇ ਤਾਂ ਕਿਸ਼ਨ ਆਪਣੇ ਕੋਈ ਕਮਾਲ ਨਾ।



00

ਖਿਲਰੇ ਜੁ ਰਾਹ 'ਚ ਕੁਝ ਕੁ ਤਾਂ ਕੰਡੇ ਬੁਹਾਰਦੇ,
ਸਿਰ ਆਪਣੇ ਤੋਂ ਜ਼ਿੰਦਗੀ ਦਾ, ਰਿਣ ਉਤਾਰਦੇ।

ਓਹੀ ਅਖ਼ੀਰ ਲੁੱਟਦੇ ਬੁੱਲੇ ਬਹਾਰ ਦੇ,
ਜੋ ਲੋਕ ਪਤਝੜਾਂ ਦੀਆਂ ਛਮਕਾਂ ਸਹਾਰਦੇ ।

ਕਿੰਨੀ ਵੀ ਗਰਮੀ ਪਵੇ, ਕੀਮਤ ਉਹ ਤਾਰਦੇ,
ਪਾਉਂਣੇ ਜਿਨ੍ਹਾਂ ਨੇ ਲਕਸ਼ ਉਹ ਸੀਅ ਨਾ ਉਚਾਰਦੇ।

ਜਿੰਨਾ ਸਕੇਂ ਸਕਾਰ ਤੂੰ ਸੁਪਨਾ ਸਕਾਰਦੇ,
ਜਿੰਨੀ ਸਕੇਂ ਸੰਵਾਰ ਤੂੰ ਦੁਨੀਆਂ ਸੰਵਾਰ ਦੇ।

ਮੈਂ ਤਾਂ ਹਮੇਸ਼ ਹੀ ਖੜ੍ਹਾਂ ਹਾਜ਼ਰ ਤਿਰੇ ਲਈ,
ਤੈਨੂੰ ਜਦੋਂ ਵੀ ਲੋੜ ਹੈ ਤੂੰ ਹਾਕ ਮਾਰਦੇ।

ਐਵੇਂ ਨ ਹੋ ਉਦਾਸ ਤੂੰ ਕੁਝ ਫੜ੍ਹ ਕਰਾਰ ਹੁਣ,
ਤੂੰ ਉੱਠ, ਚੱਲ, ਢਹਿੰਦੀਆਂ ਸੋਚਾਂ ਨਕਾਰਦੇ।

ਪਤਵੰਤਿਆਂ ਨੂੰ ਸ਼ੋਭਦੇ ਦੂਹਰਾ ਮਿਆਰ ਤਾਂ,
ਹੁੰਦੀ ਜ਼ਰਾਂ ਵੀ ਮੈਲ ਨਾ ਦਿਲ ਵਿਚ ਗੰਵਾਰਦੇ।

ਅਪਣੀ ਜ਼ੁਬਾਨ ਕਿਸ਼ਨ ਦੇਹ ਤੂੰ ਲੋਕ ਪੀੜ ਨੂੰ,
ਲੋਕਾਂ ਦਾ ਦਰਦ, ਰੀਝ, ਚਾਅ, ਜਜ਼ਬੇ ਉਭਾਰਦੇ।

ਚੱਲੇ ਗ਼ਜ਼ਲ ਦੀ ਗੱਲ ਤਾਂ ਤੇਰੇ ਤੇ ਮੁੱਕਦੀ,
ਪਿੱਛੇ ਖੜ੍ਹਾਂ ਏ ਕਿਸ਼ਨ ਤੂੰ ਲੰਮੀ ਕਤਾਰ ਦੇ।

00

ਜੋ ਮੰਗਦੇ ਨ ਘੱਟ ਸੀ ਕੁਝ ਇਨਕਲਾਬ ਤੋਂ,
ਕੁਰਬਾਨ ਹੋ ਗਏ ਨੇ ਉਹ, ਦੋ ਘੁੱਟ ਸ਼ਰਾਬ ਤੋਂ।

ਲਾਵਾਂ ਮੈਂ ਦਿਲ ਦੇ ਨਾਲ ਇਹ, ਰੱਖਾਂ ਮੈਂ ਚੁੰਮ ਚੁੰਮ,
ਖ਼ਤ ਸੱਜਣਾ ਨੇ ਘੱਲਿਐ, ਮੇਰੇ ਪੰਜਾਬ ਤੋਂ।

ਮਹਿਸੂਸ ਨਾ ਕਰੇ ਤਾਂ ਇਹ ਜਤਵਸਤ ਨਾ ਕਰੇ,
ਜਿਉਂਦੇ ਜੀਆਂ ਨੇ ਛੁੱਟਣਾ ਹੈ ਕੀ ਅਜ਼ਾਬ ਤੋਂ।

ਕਿਰਦਾਰ ਆਪਣੇ ਤ਼ੋਂ ਹੀ, ਜਾਣੇਂ ਪਛਾਣਿਆਂ,
ਜੇ ਨਾ ਪਛਾਣਿਆ ਗਿਆ ਤੈਨੂੰ ਨਕਾਬ ਤੋਂ।

ਉਸੇ ਦੀ ਸੱਦ ਪੁੱਛ ਹੈ, ਪੱਲੇ ਹੈ ਜਿਸਦੇ ਮਾਲ,
ਲੈਣੈਂ ਕਿਸੇ ਨੇ ਕੀ ਭਲਾ, ਖ਼ਾਨਾ ਖਰਾਬ ਤੋਂ।

ਮੇਰੇ ਖ਼ਿਆਲ ਹੋਰ ਨੇ, ਤੇਰੇ ਖ਼ਿਆਲ ਹੋਰ,
ਮੇਰਾ ਹਿਸਾਬ ਵੱਖਰੈ, ਤੇਰੇ ਹਿਸਾਬ ਤੋਂ।

ਲੋਕਾਂ ਦੀ ਜਾਨ ਮਾਲ ਦਾ, ਜੋ ਸੀ ਜੁਆਬ ਦੇਹ,
ਉਹ ਤਾਂ ਜੁਆਬ ਦੇ ਗਿਐ ਕੋਰਾ, ਜੁਆਬ ਤੋਂ।

ਲੈਂਦੇ ਨਿਚੋੜ ਫਾਲਤੂ ਦਾ ਫੋਗ ਸੁੱਟ ਦੇਣ,
ਇਹ ਸਾਬੁ ਲੋਕ ਅਰਕ ਹੀ ਚਾਹੁੰਦੇ ਗੁਲਾਬ ਤੋਂ।

ਪੈਣਾ ਹੈ ਕਿਸ਼ਨ ਮੁੱਲ ਕੀ ਤੇਰੀ ਕਿਤਾਬ ਦਾ,
ਏਥੇ ਅਜੇ ਤਾਂ ਜੇਬ ਹੈ ਭਾਰੀ ਕਿਤਾਬ ਤੋਂ।

